



# ਕੂਕ ਪੰਜਾਬੀ ਸਮਾਚਾਰ
# Kuk Punjabi Samachar

www.kuksamachar.co.nz kukpunjabi@xtra.co.nz Issue 363 New Zealand 21 December 2023 Ph: 09-250 4844 **FREE**

*1st Indian Community Newspaper in Punjabi Language*



Lifecycle Financial Services 0800 50 77 70 - good advice is best insurance you have

- MORTGAGE
- INSURANCE
- ACCOUNTING

ਆਪਣੇ ਮਾਰਗੇਜ਼ ਤੇ ਘੱਟ ਵਿਆਜ-ਦਰ ਅਤੇ ਵਧੀਆਂ ਇੰਸ਼ੋਰੈਂਸ ਘੱਟ ਪ੍ਰੀਮੀਅਮ ਤੇ ਲੈਣ ਲਈ ਆਪਣੇ ਪੰਜਾਬੀ ਵੀਰ ਹਰਪ੍ਰੀਤ ਰਤਨ ਨੂੰ ਅੱਜ ਹੀ ਸੰਪਰਕ ਕਰੋ।

Mr. Harpreet Rattan, Financial Advisor, M: 021 408 971

402 Ormiston Road, Flat Bush, AKL
Ph: 09-302 7770
Email: harpreet@lifecyclefinancial.co.nz
www.lifecyclefinancial.co.nz


## ਐਨਜ਼ੈਡ ਕਾਉਂਸਲ ਔਫ ਸਿੱਖ ਅਫੇਅਰਜ਼ ਵੱਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਮੂਲ ਨਾਨਕਸ਼ਾਹੀ ਕੈਲੰਡਰ ਮੁਤਾਬਿਕ 5 ਜਨਵਰੀ ਨੂੰ ਮਨਾਇਆ ਜਾ ਰਿਹਾ

### (ਤੀਜਾ ਸਮਾਗਮ-ਤਰੀਕ 5 ਜਨਵਰੀ 2024)

**ਆਕਲੈਂਡ (ਬਿਕਰਮ ਸਿੰਘ ਮਝੈਲ)** – ਮੂਲ ਨਾਨਕਸ਼ਾਹੀ ਕੈਲੰਡਰ ਮੁਤਾਬਿਕ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਪ੍ਰਕਾਸ਼ ਪੁਰਬ ਹਰ ਸਾਲ 5 ਜਨਵਰੀ ਨੂੰ ਨਿਯਤ ਕੀਤਾ ਗਿਆ ਹੈ। ਮੂਲ ਨਾਨਕਸ਼ਾਹੀ ਕੈਲੰਡਰ ਸਿੱਖ ਧਰਮ ਦਾ ਆਪਣਾ ਕਲੈਂਡਰ ਹੈ ਜੋ ਕਿ ਸਿੱਖ ਵਿਦਵਾਨਾਂ ਨੇ ਬੜੀ ਖੋਜ ਉਪਰੰਤ ਤਿਆਰ ਕੀਤਾ ਹੈ।

ਇਸ ਕੈਲੰਡਰ ਦੇ ਲਾਗੂ ਹੋਣ ਉਪਰੰਤ ਗੁਰਪੁਰਬ ਤੇ ਦੂਜੇ ਸਿੱਖ ਸਮਾਗਮ ਮਨਾਉਣ ਵਾਸਤੇ ਹਰ ਸਾਲ ਬਦਲਵੀਂ ਤਰੀਕਾਂ ਵਾਲੇ ਬਿਕ੍ਰਮੀ ਕੈਲੰਡਰ ਤੋਂ ਸਿੱਖ ਸਮਾਜ ਨੂੰ ਨਿਜ਼ਾਤ ਹਾਸਿਲ ਹੋ ਗਈ ਹੈ ਤੇ ਹਰ ਸਿੱਖ ਸਮਾਗਮ ਦੀ ਪੱਕੀਆਂ ਤਰੀਕਾਂ ਨਿਯਤ ਹੋ ਗਈਆਂ ਹਨ। ਜਿਸ ਮੁਤਾਬਿਕ ਦਸਮ ਪਾਤਸ਼ਾਹ ਦਾ ਪ੍ਰਕਾਸ਼ ਪੁਰਬ ਹਰ ਸਾਲ 5 ਜਨਵਰੀ ਨੂੰ ਹੀ ਆਉਂਦਾ ਹੈ।

ਐਨਜ਼ੈਡ ਕਾਉਂਸਲ ਔਫ ਸਿੱਖ ਅਫੇਅਰਜ਼ (NZ Council of Sikh Affairs) ਨਿਊਜ਼ੀਲੈਂਡ ਵੱਲੋਂ 2022 ਤੋਂ ਹਰ ਸਾਲ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਮੂਲ ਨਾਨਕਸ਼ਾਹੀ ਕੈਲੰਡਰ ਮੁਤਾਬਿਕ 5 ਜਨਵਰੀ ਹੀ ਮਨਾਇਆ ਜਾਂਦਾ ਹੈ।

ਗੁਰਪੁਰਬ ਦਾ ਤੀਜਾ ਸਮਾਗਮ ਚੜ੍ਹਦੇ ਨਵੇਂ 2024 ਵਿੱਚ ਵੀ 5 ਜਨਵਰੀ ਵਾਲੇ ਦਿਨ ਬੈਰੀ ਕਰਟਸ ਪਾਰਕ, ਫਲੈਟਬੁੱਸ਼ ਵਿਖੇ ਮਨਾਇਆ ਜਾ ਰਿਹਾ ਹੈ।

**ਸਮਾਗਮ ਦਾ ਵੇਰਵਾ ਹੇਠ ਅਨੁਸਾਰ ਹੈ:**
**ਸ਼ੁਕਰਵਾਰ ਤਰੀਕ 5 ਜਨਵਰੀ 2024**
**ਸਵੇਰ 9.00 ਵਜੇ ਤੋਂ ਦੁਪਹਿਰ 1.00 ਵਜੇ ਤੱਕ**
**ਪ੍ਰੋਗਰਾਮ ਪ੍ਰਕਾਸ਼ ਪੁਰਬ ਨੂੰ ਸਮਰਪਿਤ ਗੁਰਬਾਣੀ ਕੀਰਤਨ ਤੇ ਵਿਚਾਰ ਉਪਰੰਤ ਗੁਰੂ ਕਾ ਲੰਗਰ**

ਮੂਲ ਨਾਨਕਸ਼ਾਹੀ ਕਲੈਂਡਰ ਸਿੱਖ ਧਰਮ ਦੀ ਅਜ਼ਾਦ ਸੋਚ ਤੇ ਹੋਂਦ ਦੀ ਤਰਜ਼ਮਾਨੀ ਕਰਦਾ ਹੈ। ਸਾਡਾ ਫ਼ਰਜ਼ ਹੈ ਸਿੱਖ ਧਰਮ ਦੀ ਵਿਲੱਖਣਤਾ ਦੇ ਪ੍ਰਤੀਕ ਮੂਲ ਨਾਨਕਸ਼ਾਹੀ ਕਲੈਂਡਰ ਮੁਤਾਬਿਕ ਹੀ ਆਪਣੇ ਪੁਰਬ ਤੇ ਦੂਜੇ ਦਿਹਾੜੇ ਮਨਾਈਏ। ਐਨਜ਼ੈਡ ਕਾਉਂਸਲ ਔਫ ਸਿੱਖ ਅਫੇਅਰਜ਼ ਦੇ ਪ੍ਰਬੰਧਕਾਂ ਵੱਲੋਂ ਸਿੱਖ ਸੰਗਤ ਨੂੰ ਬੇਨਤੀ ਹੈ ਕਿ ਸਮੇਂ ਸਿਰ ਸਮਾਗਮ ਵਿੱਚ ਆਪਣੀ ਹਾਜ਼ਰੀ ਲਗਾਉਣ। ਬੇਨਤੀ ਕਰਤਾ : ਐਨਜ਼ੈਡ ਕਾਉਂਸਲ ਔਫ ਸਿੱਖ ਅਫੇਅਰਜ਼ (NZ Council of Sikh Affairs) ਨਿਊਜ਼ੀਲੈਂਡ ਸਮਾਗਮ ਸੰਬੰਧੀ ਵਧੇਰੇ ਜਾਣਕਾਰੀ ਲਈ ਤੁਸੀਂ ਸੰਪਰਕ ਕਰ ਸਕਦੇ ਹੋ:

ਰਾਣਾ ਜੱਜ ਨਾਲ ਮੋਬਾਈਲ 027 274 6401,
ਸ. ਤੇਜਵੀਰ ਸਿੰਘ ਮੋਬਾਈਲ 021 124 4213
ਗਿਆਨੀ ਸੁਰਿੰਦਰ ਸਿੰਘ ਨਾਲ 021 177 1402


ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਮੌਕੇ
ਕੀਰਤਨ ਦਰਬਾਰ
Barry Curtis Park
Flatbush School Road, Auckland
5 January 2024
ਸਮਾਂ ਸਵੇਰੇ 9 ਵਜੇ ਤੋਂ ਦੁਪਹਿਰ 1 ਵਜੇ ਤੱਕ
ਗੁਰੂ ਕਾ ਲੰਗਰ ਅਤੁੱਟ ਵਰਤੇਗਾ।
ਹੋਰ ਜਾਣਕਾਰੀ ਲਈ ਸੰਪਰਕ ਕਰੋ:
Rana Judge 027 274 6401
Tejvir Singh 021 124 4213
Giani Surinder Singh 021 177 1402
NZ COUNCIL OF SIKH AFFAIRS
Organised by: NZ COUNCIL OF SIKH AFFAIRS
www.nz-csa.org



MIKA Builders Limited
* Certified
* Registered
* Qualified
* Reliable
New Builds Timber Houses and Steel Houses
RESIDENTIAL
RENOVATIONS
EXTENSIONS
SITESAFE MEMBER
ਕਿਸੇ ਵੀ ਤਰ੍ਹਾਂ ਦਾ ਬਿਲਡਿੰਗ ਦਾ ਕੰਮ ਕਰਵਾਉਣ ਲਈ ਸੰਪਰਕ ਕਰ ਸਕਦੇ ਹੋ
Ash - 021 029 67679
mikabuilderslimited@gmail.com



ਕੂਕ ਪੰਜਾਬੀ ਸਮਾਚਾਰ
Kuk Punjabi Samachar
Celebrating 21 Year Of Excellence
CONGRATULATIONS





Your local property expert for South Auckland
Tejinder Singh
Residential Sales (Otahuhu Branch)
022 060 5005
t.singh@barfoot.co.nz | barfoot.co.nz/t.singh
BARFOOT&THOMPSON


ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀਆਂ ਸੰਗਤਾਂ ਨੂੰ ਕੂਕ ਪੰਜਾਬੀ ਸਮਾਚਾਰ ਦੇ ਅਦਾਰੇ ਵੱਲੋਂ ਬਹੁਤ ਬਹੁਤ ਵਧਾਈਆਂ




Travel Point
0800 66 11 88
1989 ਤੋਂ ਤੁਹਾਡੀ ਸੇਵਾ ਵਿੱਚ
ਇੰਡੀਆ ਨੂੰ ਜਾਣ ਲਈ ਸਸਤੀਆਂ ਹਵਾਈ ਟਿਕਟਾਂ
TAUQIR KHAN 021 059 2688
DEEPAK SHARMA 027 491 8583
TICKETING | TOURS | HOLIDAYS
OPEN 6 DAYS
Mon-Fri : 9.00am to 5.30pm
Sat : 10.00 am to 2.00 pm
Join us on
www.travelpoint.co.nz
SANDRINGHAM OFFICE: 521 Sandringham Road, Sandringham, Ph: 09-815 3595
PAPATOETOE OFFICE: 14 East Tamaki Road, Papatoetoe, Ph: 09-277 0592



ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫਤਿਹ॥
ੴ
ਆਓ ਡਾਊਨਲੋਡ ਕਰੀਏ
ਗੁਰਬਾਣੀ ਨੂੰ ਅਰਥਾਂ ਸਮੇਤ ਵਿਚਾਰਨ ਲਈ ਬਹੁਤ ਹੀ ਸੌਖਾ ਤਰੀਕਾ
GET IT ON Google Play
Download on the App Store
iGranth
ਗੁਰਬਾਣੀ
&
iGranth & iSearch Gurbani App
ਗੁਰਬਾਣੀ ਨੂੰ ਅਰਥਾਂ ਸਮੇਤ ਪੜ੍ਹਨ ਲਈ ਬਹੁਤ ਸੁਖਾਲਾ ਤਰੀਕਾ ਹੈ।
ਨੋਟ : ਟੀਕਾ ਪ੍ਰੋ: ਸਾਹਿਬ ਸਿੰਘ ਜੀ
Gurbani Darpan App
ਗੁਰਬਾਣੀ ਸੰਥਿਆ (ਸ਼ੁੱਧ ਉਚਾਰਣ) ਸਿੱਖਣ ਲਈ ਇਹ ਐਪ ਵਰਤੋ ਜੀ।
An easy virtual tool for improving Gurbani recital.
Whangarei Sikh Society, New Zealand
25 WATER STREET AVENUES WHANGAREI. Ph. 0 21 049 3311

# ਜੀਡੀਪੀ: ਸਤੰਬਰ ਤਿਮਾਹੀ ’ਚ ਦੇਸ਼ ਦੀ ਆਰਥਿਕ ਗਤੀਵਿਧੀ ’ਚ 0.3% ਦੀ ਗਿਰਾਵਟ ਆਈ

**ਵੈਲਿੰਗਟਨ, 13 ਦਸੰਬਰ** – ਸਟੈਟਸ ਐਨਜ਼ੈਡ ਦੇ ਅੰਕੜਿਆਂ ਅਨੁਸਾਰ ਨਿਰਮਾਣ ਖੇਤਰ ਵਿੱਚ ਮੰਦੀ ਦੇ ਕਾਰਣ ਸਤੰਬਰ ਤਿਮਾਹੀ ਵਿੱਚ ਨਿਊਜ਼ੀਲੈਂਡ ਦੀ ਆਰਥਿਕਤਾ ਸੁੰਗੜ ਗਈ।

13 ਦਸੰਬਰ ਦਿਨ ਵੀਰਵਾਰ ਨੂੰ ਜਾਰੀ ਕੀਤੇ ਗਏ ਅੰਕੜਿਆਂ ਨੇ ਦਿਖਾਇਆ ਹੈ ਕਿ 30 ਸਤੰਬਰ ਤੱਕ ਤਿੰਨ ਮਹੀਨਿਆਂ ਵਿੱਚ ਕੁੱਲ ਸਕਲ ਘਰੇਲੂ ਉਤਪਾਦ (ਜੀਡੀਪੀ) 0.3% ਘਟਿਆ ਹੈ। ਪਿਛਲੀ ਤਿਮਾਹੀ ਵਿੱਚ 0.5% ਦੇ ਵਾਧੇ ਤੋਂ ਬਾਅਦ ਗਿਰਾਵਟ ਆਈ ਹੈ।

ਸਟੈਟਸ ਐਨਜ਼ੈਡ ਨੈਸ਼ਨਲ ਅਕਾਊਂਟ ਇੰਡਸਟਰੀ ਐਂਡ ਪ੍ਰੋਡਕਸ਼ਨ ਦੇ ਸੀਨੀਅਰ ਮੈਨੇਜਰ ਰੁਵਾਨੀ ਰਤਨਾਇਕ ਨੇ ਕਿਹਾ ਕਿ ਗੁੱਡਸ ਉਤਪਾਦਨ ਵਿੱਚ ਗਿਰਾਵਟ ਦੇ ਕਾਰਣ ਸਤੰਬਰ ਤਿਮਾਹੀ ਵਿੱਚ ਸਾਰੀਆਂ ਵਸਤੂਆਂ ਦਾ ਉਤਪਾਦਨ ਕਰਨ ਵਾਲੇ ਉਦਯੋਗ ਗਿਰਾਵਟ ਵੱਲ ਸਨ। ਇਹ ਗਿਰਾਵਟ ਪੈਟਰੋਲੀਅਮ, ਰਸਾਇਣਿਕ, ਪਲਾਸਟਿਕ, ਰਬੜ ਨਿਰਮਾਣ, ਭੋਜਨ ਅਤੇ ਪੀਣ ਵਾਲੇ ਪਦਾਰਥਾਂ ਦੇ ਨਿਰਮਾਣ ਦੁਆਰਾ ਪ੍ਰੇਰਿਤ ਸੀ।

ਉਨ੍ਹਾਂ ਕਿਹਾ ਕਿ ਟਰਾਂਸਪੋਰਟ, ਡਾਕ ਅਤੇ ਵੇਅਰਹਾਊਸਿੰਗ ਉਦਯੋਗਾਂ ਵਿੱਚ ਵੀ ਗਿਰਾਵਟ ਆਈ ਹੈ ਅਤੇ ਇਹ ਮੁੱਖ ਤੌਰ ’ਤੇ ਮਾਲ ਢੋਆ-ਢੁਆਈ ਵਿੱਚ ਗਿਰਾਵਟ ਦੇ ਕਾਰਣ ਹੋਇਆ, ਇਸ ਤਿਮਾਹੀ ’ਚ ਘੱਟ ਮਾਲ ਨਿਰਯਾਤ ਕੀਤਾ ਗਿਆ। ਅਰਥਸ਼ਾਸਤਰੀਆਂ ਨੇ ਵੀਰਵਾਰ ਦੇ ਅੰਕੜਿਆਂ ਬਾਰੇ ਮਿਸ਼ਰਤ ਭਵਿੱਖਬਾਣੀਆਂ ਕੀਤੀਆਂ ਸਨ, ਕੁੱਝ ਥੋੜ੍ਹਾ ਨਕਾਰਾਤਮਿਕ ਅਤੇ ਕੁੱਝ ਥੋੜ੍ਹਾ ਸਕਾਰਾਤਮਿਕ ਸਨ।

ਜੀਡੀਪੀ ’ਚ ਸਮੁੱਚੀ ਗਿਰਾਵਟ ਦੇ ਬਾਵਜੂਦ ਸਤੰਬਰ ਤਿਮਾਹੀ ਵਿੱਚ 11 ਵਿੱਚੋਂ 8 ਸੇਵਾ ਉਦਯੋਗਾਂ ’ਚ ਵਾਧਾ ਹੋਇਆ ਹੈ। ਸਭ ਤੋਂ ਮਜ਼ਬੂਤ ਵਾਧਾ ਹੈਲਥ ਕੇਅਰ ਐਂਡ ਸੋਸ਼ਲ ਅਸਿਸਟੈਂਟ, ਰੈਂਟਲ, ਹਾਇਰਿੰਗ ਅਤੇ ਰੀਅਲ ਅਸਟੇਟ ਸਰਵਿਸਿਜ਼ ਵਿੱਚ ਦੇਖਿਆ ਗਿਆ ਹੈ।




ਸਤੰਬਰ 2023 ਦੀ ਤਿਮਾਹੀ ’ਚ ਜੀਡੀਪੀ ਦਾ ਖ਼ਰਚ ਮਾਪ 0.7% ਘਟਿਆ ਹੈ। ਟਿਕਾਊ ਵਸਤੂਆਂ ਦੇ ਕਾਰਣ ਘਰੇਲੂ ਖ਼ਰਚ ’ਚ 0.6% ਦੀ ਗਿਰਾਵਟ ਆਈ। ਇਹ ਜੂਨ 2023 ਤਿਮਾਹੀ ’ਚ ਵੱਧ ਖ਼ਰਚ ਤੋਂ ਬਾਅਦ ਮੋਟਰ ਵਾਹਨਾਂ ’ਤੇ ਘੱਟ ਖ਼ਰਚ ਤੋਂ ਪ੍ਰੇਰਿਤ ਹੋਇਆ। ਇਹ ਸੰਭਾਵਿਤ ਤੌਰ ’ਤੇ ਮੋਟਰ ਵਾਹਨਾਂ ’ਤੇ ਲਾਗੂ ਫ਼ੀਸਾਂ ਅਤੇ ਛੋਟਾਂ ਵਿੱਚ ਤਬਦੀਲੀਆਂ ਨਾਲ ਜੁੜਿਆ ਹੋਇਆ ਸੀ, ਜੋ 1 ਜੁਲਾਈ ਨੂੰ ਪੇਸ਼ ਕੀਤਾ ਗਿਆ ਸੀ। ਟਰਾਂਸਪੋਰਟ ਸਾਜ਼ੋ-ਸਾਮਾਨ ਦੇ ਨਿਵੇਸ਼ ’ਚ ਇਸ ਤਰ੍ਹਾਂ ਦੀ ਗਿਰਾਵਟ ਦੇਖੀ ਗਈ, ਜਿਸ ਨਾਲ ਨਿਵੇਸ਼ ਖ਼ਰਚ ’ਚ ਗਿਰਾਵਟ ਆਈ।

ਸਤੰਬਰ ਤਿਮਾਹੀ ’ਚ ਖ਼ੁਰਾਕ, ਬਾਲਣ ਅਤੇ ਖੇਤੀਬਾੜੀ, ਮੱਛੀ ਫੜਨ ਅਤੇ ਜੰਗਲਾਤ ਉਤਪਾਦਾਂ ਸਮੇਤ ਵਸਤੂਆਂ ਦੀ ਘੱਟ ਮਾਤਰਾ ਦੇ ਨਾਲ ਨਿਰਯਾਤ ’ਚ ਵੀ ਗਿਰਾਵਟ ਆਈ। ਇਹ ਕੁੱਝ ਹੱਦ ਤੱਕ ਭਰਪਾਈ ਯਾਤਰਾ ਸੇਵਾਵਾਂ ਵਰਗੀਆਂ ਸੇਵਾਵਾਂ ਦੇ ਨਿਰਯਾਤ ਵਿੱਚ ਵਾਧੇ ਦੁਆਰਾ ਹੋਈ।

# ਮਾਓਰੀ ਭਾਸ਼ਾ ਬੋਰਡ ਦੇ ਚੇਅਰ ਦਾ ਕਹਿਣਾ ਹੈ ਕਿ ਟੀ ਰੀਓ ਦੀ ਵਰਤੋਂ ਬਾਰੇ ਸਰਕਾਰ ਦਾ ਯੋਜਨਾਬੱਧ ਆਦੇਸ਼ ਗ਼ੈਰ-ਕਾਨੂੰਨੀ

**ਵੈਲਿੰਗਟਨ** – ਪਿਰੀਪੀ ਵਾਕਰ ਜੋ ਵੈਲਿੰਗਟਨ ਦੇ ਮਾਓਰੀ ਭਾਸ਼ਾ ਬੋਰਡ Te Kaiwhakapumau i Te Reo Maori ਦੀ ਚੇਅਰ ਹਨ, 21 ਦਸੰਬਰ ਨੂੰ ਆਈ ਖ਼ਬਰ ’ਚ ਉਨ੍ਹਾਂ ਦਾ ਕਹਿਣਾ ਹੈ ਕਿ ਸਰਕਾਰੀ ਮੰਤਰੀਆਂ ਦੁਆਰਾ ਅਧਿਕਾਰੀਆਂ ਅਤੇ ਵਿਭਾਗਾਂ ਲਈ ਟੀ ਰੀਓ ਮਾਓਰੀ ਦੀ ਵਰਤੋਂ ਵਿੱਚੋ ਕਟੌਤੀ ਕਰਨ ਦਾ ਕੋਈ ਵੀ ਆਦੇਸ਼ ਗ਼ੈਰ-ਕਾਨੂੰਨੀ ਹੈ ਅਤੇ ਇਸ ਨੂੰ ਕਾਇਮ ਨਹੀਂ ਰੱਖਿਆ ਜਾਣਾ ਚਾਹੀਦਾ ਹੈ।

ਪਿਛਲੇ ਮਹੀਨੇ ਉਪ ਪ੍ਰਧਾਨ ਮੰਤਰੀ ਵਿੰਸਟਨ ਪੀਟਰਜ਼ ਨੇ ਸਰਕਾਰੀ ਵਿਭਾਗਾਂ ਲਈ ਟੇ ਰੀਓ ਮਾਓਰੀ ਨਾਮਾਂ ਦੀ ਨਿੰਦਾ ਕਰਦੇ ਹੋਏ ਕਿਹਾ ਕਿ ਸੰਚਾਰ ਸਮਝ ਅਤੇ ਸਮਝ ਬਾਰੇ ਹੈ ਅਤੇ ਵਿਭਾਗਾਂ ਲਈ ਟੀ ਰੀਓ ਮਾਓਰੀ ਨਾਮਾਂ ਨੂੰ ਪ੍ਰਤੀਕਾਤਮਿਕ ਕਿਹਾ।

ਨਿਊਜ਼ੀਲੈਂਡ ਫ਼ਸਟ ਅਤੇ ਨੈਸ਼ਨਲ ਪਾਰਟੀਆਂ ਵਿਚਕਾਰ ਹੋਏ ਸਮਝੌਤੇ ਵਿੱਚ ਜਨਤਕ ਸੇਵਾ ਵਿਭਾਗਾਂ ਨੂੰ ‘ਵਿਸ਼ੇਸ਼ ਤੌਰ ’ਤੇ ਮਾਓਰੀ ਨਾਲ ਸਬੰਧਿਤ ਵਿਭਾਗਾਂ ਨੂੰ ਛੱਡ ਕੇ, ਆਪਣਾ ਪ੍ਰਾਥਮਿਕ ਨਾਮ ਅੰਗਰੇਜ਼ੀ ਵਿੱਚ ਰੱਖਣਾ’ ਸ਼ਾਮਿਲ ਸੀ। ਇਸ ਵਿੱਚ ਇਹ ਲੋੜ ਵੀ ਸ਼ਾਮਲ ਸੀ ਕਿ ‘ਜਨਤਕ ਸੇਵਾ ਵਿਭਾਗ ਅਤੇ ਕ੍ਰਾਊਨ ਸੰਸਥਾਵਾਂ ... ਮੁੱਖ ਤੌਰ ’ਤੇ ਅੰਗਰੇਜ਼ੀ ਵਿੱਚ ਸੰਚਾਰ ਕਰਨ’। ਵਾਕਰ ਦਾ ਕਹਿਣਾ ਹੈ ਕਿ ਭਾਸ਼ਾ ਨੂੰ ਅਧਿਕਾਰਤ ਰੁਤਬਾ ਹੋਣ ਨਾਲ ਭਾਸ਼ਾ ਸੁਰੱਖਿਅਤ ਰਹਿੰਦੀ ਹੈ, ਇਸ ਲਈ ਇਸ ਨੂੰ ਇੱਕ ਸੈਕੰਡਰੀ ਸਥਿਤੀ ਵਿੱਚ ਵਾਪਸ ਨਹੀਂ ਧੱਕਿਆ ਜਾ ਸਕਦਾ।






# ਗੁਰਦੁਆਰਾ ਸਿੱਖ ਸੰਗਤ ਟੌਰੰਗਾ ਸਿਟੀ ਵੱਲੋਂ 14 ਜਨਵਰੀ ਨੂੰ ਨੌਵਾਂ ਨਗਰ ਕੀਰਤਨ ਸਜਾਇਆ ਜਾ ਰਿਹਾ

**ਆਕਲੈਂਡ (ਹਰਜਿੰਦਰ ਸਿੰਘ ਬਸਿਆਲਾ/ਕੂਕ ਪੰਜਾਬੀ ਸਮਾਚਾਰ)** – ਗੁਰਦੁਆਰਾ ਸਿੱਖ ਸੰਗਤ ਟੌਰੰਗਾ ਸਿਟੀ (43, Burrows Street Tauranga) ਜਿੱਥੇ ਪਹਿਲੀ ਵਾਰ 4 ਜਨਵਰੀ 2013 ਨੂੰ ਪਹਿਲਾ ਵਾਰ ਨਗਰ ਕੀਰਤਨ ਸਜਾਇਆ ਗਿਆ ਸੀ, ਇਸ ਵਾਰ 14 ਜਨਵਰੀ 2024 ਦਿਨ ਐਤਵਾਰ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 357ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਨੌਵਾਂ ਨਗਰ ਕੀਰਤਨ ਸਜਾਇਆ ਜਾ ਰਿਹਾ ਹੈ।

ਇਸ ਗੁਰਪੁਰਬ ਸਬੰਧੀ 12 ਜਨਵਰੀ ਨੂੰ ਸਵੇਰੇ 9.00 ਵਜੇ ਸ੍ਰੀ ਅਖੰਠ ਪਾਠ ਸਾਹਿਬ ਆਰੰਭ ਹੋ ਜਾਣਗੇ ਜਿਨ੍ਹਾਂ ਦੇ ਭੋਗ 14 ਜਨਵਰੀ ਨੂੰ ਸਵੇਰੇ 9.00 ਵਜੇ ਪਾਏ ਜਾਣਗੇ। ਸ੍ਰੀ ਅਖੰਠ ਪਾਠ ਸਾਹਿਬ ਦੇ ਭੋਗ ਉਪਰੰਤ ਕੀਰਤਨ ਦੀਵਾਨ ਸਜੇਗਾ ਅਤੇ ਨਗਰ ਕੀਰਤਨ ਦੀ ਆਰੰਭਤਾ ਦੀ ਅਰਦਾਸ ਹੋਵੇਗੀ। ਗੁਰੂ ਸਾਹਿਬਾਂ ਦੀ ਸਰਪ੍ਰਸਤੀ ਦੇ ਵਿੱਚ ਇਹ ਵਿਸ਼ਾਲ ਨਗਰ ਕੀਰਤਨ ਸਵੇਰੇ 11.00 ਤੋਂ ਦੁਪਹਿਰ 3.00 ਵਜੇ ਤੱਕ ਸਜਾਇਆ ਜਾਏਗਾ। ਸੁੰਦਰ ਬਾਣੇ ਦੇ ਵਿੱਚ ਪੰਜ ਨਿਸ਼ਾਨਚੀ ਕੇਸਰੀ ਨਿਸ਼ਾਨ ਸਾਹਿਬ ਅੱਗੇ ਲੈ ਕੇ ਚੱਲਣਗੇ, ਪੰਜ ਪਿਆਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਰਪ੍ਰਸਤੀ ਦੇ ਵਿੱਚ ਨਗਰ ਕੀਰਤਨ ਦੀ ਅਗਵਾਈ ਕਰਨਗੇ। ਵੱਡੇ ਟਰੱਕ ਦੇ ਵਿੱਚ ਪਾਲਕੀ ਸਾਹਿਬ ਨੂੰ ਸਜਾਇਆ ਜਾਵੇਗਾ ਤੇ ਗੁਰੂ ਸਾਹਿਬ ਬਿਰਾਜਮਾਨ ਰਹਿਣਗੇ।

ਨਗਰ ਕੀਰਤਨ ਵਿੱਚ ਹਜ਼ੂਰੀ ਰਾਗੀ ਭਾਈ ਤਜੇਸ਼ਵਰ ਸਿੰਘ (ਤਖ਼ਤ ਸ੍ਰੀ ਕੇਸਗੜ੍ਹ ਸਾਹਿਬ) ਵਾਲੇ ਕੀਰਤਨ ਦੇ ਨਾਲ ਸੰਗਤਾਂ ਨੂੰ ਪੂਰੇ ਚਾਲੇ ਦੌਰਾਨ ਨਿਹਾਲ ਕਰਨਗੇ। ਭਾਈ ਮਨਦੀਪ ਸਿੰਘ ਵੱਲੋਂ ਆਪਣੀ ਗਤਕਾ ਟੀਮ ਦੇ ਨਾਲ ਸਿੱਖ ਮਾਰਸ਼ਲ ਆਰਟ ਦਾ ਪ੍ਰਦਰਸ਼ਨ ਕੀਤਾ ਜਾਵੇਗਾ। ਨਗਰ ਕੀਰਤਨ ਦਾ ਮੁੱਖ ਪੜਾਅ ਲੜਕਿਆਂ ਦੇ ਕਾਲਜ ਵਿੱਚ ਹੋਵੇਗਾ ਜਿੱਥੇ ਆਏ ਮਹਿਮਾਨ ਸੰਗਤਾਂ ਦੇ ਨਾਲ ਵਧਾਈ ਸੰਦੇਸ਼ ਸਾਂਝੇ ਕਰਨਗੇ ਅਤੇ ਗਤਕੇ ਦਾ ਪ੍ਰਦਰਸ਼ਨ ਹੋਵੇਗਾ। ਨਗਰ ਕੀਰਤਨ ਵਿੱਚ ਸਥਾਨਕ ਸੰਸਦ ਮੈਂਬਰ, ਏਥਨਿਕ ਮੰਤਰੀ ਸ੍ਰੀਮਤੀ ਮਲੀਸ਼ਾ ਲੀਅ, ਕੌਂਸਿਲ ਅਤੇ ਹੋਰ ਕਮਿਊਨਿਟੀ ਆਗੂ ਵੀ ਸ਼ਮੂਲੀਅਤ ਕਰਨਗੇ। ਪੰਜਾਬ ਤੋਂ ਪੰਥਕ ਸ਼ਖ਼ਸੀਅਤਾਂ ਦੇ ਪਹੁੰਚਣ ਦੀ ਵੀ ਉਮੀਦ ਹੈ। ਰਸਤੇ ਵਿੱਚ ਸ਼ਰਧਾਵਾਨ ਪਰਿਵਾਰਾਂ ਵੱਲੋਂ ਸੰਗਤ ਦੀ ਸੇਵਾ ਵਿੱਚ ਪੇਯਜਲ ਅਤੇ ਫਲ ਫਰੂਟ ਵਰਤਾਏ ਜਾਣਗੇ। ਟ੍ਰੈਫ਼ਿਕ ਪੁਲਿਸ ਆਵਾਜਾਈ ਕੰਟਰੋਲ ਕਰੇਗੀ। ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਵੱਲੋਂ ਸੰਗਤਾਂ ਨੂੰ ਕੇਸਰੀ ਦਸਤਾਰਾਂ ਅਤੇ ਕੇਸਕੀ ਦੁੱਪਟੇ ਲੈ ਕੇ ਆਉਣ ਦੀ ਬੇਨਤੀ ਕੀਤੀ ਗਈ ਹੈ।




**ਗੁਰਦੁਆਰਾ ਸਾਹਿਬ ਵੱਡੇ ਅਸਥਾਨ ਵਿਚ ਤਬਦੀਲ ਹੋਵੇਗਾ:** ਜਾਣਕਾਰੀ ਮਿਲੀ ਹੈ ਕਿ ਗੁਰਦੁਆਰਾ ਸਿੱਖ ਸੰਗਤ ਟੌਰੰਗਾ ਸਿਟੀ ਅਗਲੇ ਸਾਲ ਤੱਕ ਨਵੇਂ ਅਸਥਾਨ 17 ਸ਼ੇਰਸਨ ਸਟ੍ਰੀਟ ਉਤੇ ਤਬਦੀਲ ਹੋ ਜਾਵੇਗਾ, ਜੇਕਰ ਸਾਰੀਆਂ ਤਿਆਰੀਆਂ ਨੂੰ ਅੰਤਿਮ ਰੂਪ ਦਿੱਤਾ ਜਾ ਸਕਿਆ। ਗੁਰਦੁਆਰਾ ਸਾਹਿਬ ਦੀ ਇਹ ਨਵੀਂ ਜਗ੍ਹਾ 4456 ਵਰਗ ਮੀਟਰ ਦੀ ਹੈ ਅਤੇ ਇੱਥੇ ਦਾ ਫਲੋਰ ਏਰੀਆ 1286 ਦੇ ਕਰੀਬ ਹੈ। ਇੱਥੇ ਪਾਰਕਿੰਗ ਵਾਸਤੇ ਵੀ ਬਹੁਤ ਸਾਰੀ ਜਗ੍ਹਾ ਹੈ ਅਤੇ ਰਿਹਾਇਸ਼ੀ ਕਮਰਿਆਂ ਆਦਿ ਦਾ ਵੀ ਪ੍ਰਬੰਧ ਹੈ।

# ਨਵੀਂ ਸਰਕਾਰ ਦੀ ਨੀਤੀ ਦੇ ਤਹਿਤ ਟਰਾਂਸਜੈਂਡਰ ਐਥਲੀਟਾਂ ਨੂੰ ਜਨਤਕ ਤੌਰ ’ਤੇ ਫ਼ੰਡ ਪ੍ਰਾਪਤ ਕਰਨ ਵਾਲੀਆਂ ਸਾਰੀਆਂ ਮਹਿਲਾ ਖੇਡਾਂ ’ਤੇ ਪਾਬੰਦੀ

**ਵੈਲਿੰਗਟਨ** – ਨੈਸ਼ਨਲ ਪਾਰਟੀ ਦੀ ਅਗਵਾਈ ਵਾਲੀ ਨਵੀਂ ਸਰਕਾਰ ਨਿਊਜ਼ੀਲੈਂਡ ਦੀਆਂ ਖੇਡ ਸੰਸਥਾਵਾਂ ਨੂੰ ਮਿਲੀਅਨ ਡਾਲਰਾਂ ਦੇ ਜਨਤਕ ਫ਼ੰਡਾਂ ਨੂੰ ਰੋਕਣ ਦੀ ਗੱਲ ਕਹਿ ਰਹੀ ਹੈ ਜੇਕਰ ਉਹ ਟਰਾਂਸਜੈਂਡਰ ਐਥਲੀਟਾਂ ਨੂੰ ਜ਼ਮੀਨੀ ਪੱਧਰ ਦੇ ਮੁਕਾਬਲਿਆਂ ਤੋਂ ਵੱਖ ਕਰਨ ਦੇ ਦਬਾਅ ਦੀ ਪਾਲਣਾ ਨਹੀਂ ਕਰਦੀਆਂ ਹਨ। ਸਰਕਾਰ ਦੀ ਕੱਟੜਪੰਥੀ ਅਤੇ ਸੰਭਾਵੀ ਤੌਰ ’ਤੇ ਵੰਡਣ ਵਾਲੀ ਨੀਤੀ ਜਨਤਕ ਤੌਰ ’ਤੇ ਫ਼ੰਡ ਪ੍ਰਾਪਤ ਖੇਡ ਸੰਸਥਾਵਾਂ ਨੂੰ ਨਿਰਪੱਖ ਮੁਕਾਬਲੇ ਦਾ ਸਮਰਥਨ ਕਰਨ ਨੂੰ ਯਕੀਨੀ ਬਣਾਉਣ ਲਈ ਏਜੰਡਾ ਨਿਰਧਾਰਿਤ ਕਰਦੀ ਹੈ ਜੋ ਲਿੰਗ ਨਾਲ ਸਬੰਧਿਤ ਨਿਯਮਾਂ ਦੁਆਰਾ ਸਮਝੌਤਾ ਨਹੀਂ ਕੀਤਾ ਜਾਂਦਾ ਹੈ।ਇਸ ਨੀਤੀ ਦੀ ਅਗਵਾਈ ਨਿਊਜ਼ੀਲੈਂਡ ਫ਼ਸਟ ਦੁਆਰਾ ਕੀਤੀ ਜਾਂਦੀ ਹੈ, ਜਿਸ ਦੇ ਖੇਡ ਅਤੇ ਮਨੋਰੰਜਨ ਦੇ ਬੁਲਾਰੇ ਐਂਡੀ ਫੋਸਟਰ ਦਾ ਕਹਿਣਾ ਹੈ ਕਿ, ‘ਇਹ ਔਰਤਾਂ ਲਈ ਖੇਡ ਵਿੱਚ ਨਿਰਪੱਖਤਾ ਅਤੇ ਸੁਰੱਖਿਆ ਬਾਰੇ’ ਹੈ।

ਹਾਲਾਂਕਿ, ਟਰਾਂਸਜੈਂਡਰ ਐਥਲੀਟ ਅਤੇ ਦੋ ਵਾਰ ਦੀ ਨੈਸ਼ਨਲ ਚੈਂਪੀਅਨ ਮਾਊਂਟੇਨ ਬਾਈਕਰ ਕੇਟ ਵੇਦਰਲੀ ਨੂੰ ਡਰ ਹੈ ਕਿ ਇਸ ਨਾਲ ਅਥਲੀਟਾਂ ਨੂੰ ਪੁਰਸ਼ਾਂ ਦੇ ਮੁਕਾਬਲਿਆਂ ਲਈ ਮਜਬੂਰ ਕੀਤਾ ਜਾਵੇਗਾ ਜਾਂ ਪੂਰੀ ਤਰ੍ਹਾਂ ਨਾਲ ਪਾਸੇ ਕਰ ਦਿੱਤਾ ਜਾਵੇਗਾ। ਜਦੋਂ ਕਿ ਪਿਛਲੀਆਂ ਸਰਕਾਰਾਂ ਨੇ ਖੇਡ ਸੰਸਥਾਵਾਂ ਨੂੰ ਟਰਾਂਸਜੈਂਡਰ ਖੇਤਰ ਤੋਂ ਦੂਰ ਰਹਿ ਕੇ ਕੰਮ ਕਰਨ ਲਈ ਛੱਡ ਦਿੱਤਾ ਸੀ, ਨੈਸ਼ਨਲ ਦੀ ਅਗਵਾਈ ਵਾਲੀ ਸਰਕਾਰ ਇਸ ਮੁੱਦੇ ਨੂੰ ਸਿੱਧੇ ਨਜਿੱਠਣ ਦਾ ਇਰਾਦਾ ਰੱਖਦੀ ਹੈ।

ਇੰਟਰਨੈਸ਼ਨਲ ਖੇਡ ਸੰਸਥਾਵਾਂ, ਜਿਨ੍ਹਾਂ ਵਿੱਚ ਕ੍ਰਿਕਟ, ਰਗਬੀ ਲੀਗ ਅਤੇ ਤੈਰਾਕੀ ਸ਼ਾਮਲ ਹਨ, ਨੇ ਟਰਾਂਸਜੈਂਡਰ ਔਰਤਾਂ ਨੂੰ ਉਨ੍ਹਾਂ ਦੇ ਸਬੰਧਿਤ ਏਲੀਟ ਫੈਮਲੀ ਕੋਡਾਂ ਤੋਂ ਪਾਬੰਦੀ ਲਗਾ ਦਿੱਤੀ ਹੈ। ਐਮੀਚਿਓਰ ਗੇਮਜ਼ ਵਿੱਚ ਮੁਕਾਬਲਾ ਕਰਨ ਵਾਲੀਆਂ ਟਰਾਂਸਵੂਮੈਨਾਂ ਦੀ ਘੱਟੋ-ਘੱਟ ਸੰਖਿਆ ਨੂੰ ਦੇਖਦੇ ਹੋਏ, ਨੈਸ਼ਨਲ ਚੈਂਪੀਅਨ ਮਾਊਂਟੇਨ ਬਾਈਕਰ ਕੇਟ ਵੈਦਰਲੀ ਨੂੰ ਡਰ ਹੈ ਕਿ ਇਨ੍ਹਾਂ ਨੂੰ ਜ਼ਮੀਨੀ ਪੱਧਰ ਤੋਂ ਬਾਹਰ ਕੀਤਾ ਜਾ ਸਕਦਾ ਹੈ।

# ਆਕਲੈਂਡ ’ਚ 25 ਸਾਲਾ ਪੰਜਾਬੀ ਨੌਜਵਾਨ ਦੀ ਹੱਤਿਆ

**ਆਕਲੈਂਡ** – ਇੱਥੇ ਦੇ ਪੱਛਮੀ ਆਕਲੈਂਡ ਦੇ ਮੈਸੀ ਵਿਖੇ 18 ਦਸੰਬਰ ਦੀ ਰਾਤ ਨੂੰ ਰੋਇਲ ਰਿਜ਼ਰਵ ਪਾਰਕ ਵਿੱਚ ਮ੍ਰਿਤਕ ਮਿਲੇ 25 ਸਾਲਾ ਪੰਜਾਬੀ ਨੌਜਵਾਨ ਦੀ ਹੱਤਿਆ ਦੇ ਮਾਮਲੇ ’ਚ ਰਵੀਰੀ ਪਲੇਸ ਦੀ ਰਿਹਾਇਸ਼ ਤੋਂ 26 ਸਾਲਾ ਵਿਅਕਤੀ ਨੂੰ ਗ੍ਰਿਫ਼ਤਾਰ ਕਰਕੇ ਕਤਲ ਦਾ ਦੋਸ਼ ਲੱਗਾ ਕਿ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਇਹ ਨੌਜਵਾਨ ਆਰਮਗਾਰਡ ਵਿੱਚ ਸਕਿਉਰਿਟੀ ਗਾਰਡ ਵਜੋਂ ਕੰਮ ਕਰਦਾ ਸੀ ਅਤੇ ਖ਼ਬਰਾਂ ਮੁਤਾਬਿਕ ਇਸ ਦਾ ਅੱਧੀ ਰਾਤ ਨੂੰ ਕਤਲ ਕੀਤਾ ਗਿਆ।ਪੁਲਿਸ ਨੇ ਇਸ ਦੀ ਪਹਿਚਾਣ ਰਮਨਦੀਪ ਸਿੰਘ ਵਜੋਂ ਕੀਤੀ ਗਈ ਹੈ। ਜਾਣਕਾਰੀ ਮੁਤਾਬਿਕ ਇਹ ਨੌਜਵਾਨ ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਕੋਟਲੀ ਸ਼ਾਹਪੁਰ ਨਾਲ ਸੰਬੰਧਿਤ ਸੀ।



ਇਹ 2018 ਵਿੱਚ ਇੱਥੇ ਪੜ੍ਹਨ ਆਇਆ ਸੀ। ਪੁਲਿਸ ਨੇ ਇਸ ਕਤਲ ਸੰਬੰਧੀ ਹੋਰ ਜਾਣਕਾਰੀ ਦੇਣ ਲਈ ਆਮ ਪਬਲਿਕ ਨੂੰ ਅਪੀਲ ਕੀਤੀ ਹੈ। ਪੁਲਿਸ ਦਾ ਕਹਿਣਾ ਹੈ ਕਿ ਤੁਸੀਂ ਸਾਨੂੰ 105 ਰਾਹੀਂ ਕਾਲ ਕਰ ਸਕਦੇ ਹੋ ਜਾਂ https://www.police.govt.nz/use-105 ’ਤੇ ਔਨਲਾਈਨ ਜਾਣਕਾਰੀ ਪ੍ਰਦਾਨ ਕਰ ਸਕਦੇ ਹੋ, ਮੇਰੀ ਰਿਪੋਰਟ ਅੱਪਡੇਟ ਦੀ ਵਰਤੋ ਕਰੋ। ਕਿਰਪਾ ਕਰਕੇ ਫਾਈਲ ਨੰਬਰ 231218/2235 ਦਾ ਹਵਾਲਾ ਦਿਓ।

# ਕਲਾਸ ਦੇ ਸਮੇਂ ਦੌਰਾਨ ਮੋਬਾਈਲ ਫੋਨਾਂ ਦੀ ਵਰਤੋ ’ਤੇ ਪਾਬੰਦੀ ਲੱਗੇਗੀ – ਪ੍ਰਧਾਨ ਮੰਤਰੀ ਲਕਸਨ

**ਆਕਲੈਂਡ, 1 ਦਸੰਬਰ** – ਨੈਸ਼ਨਲ ਲੀਡਰ ਕ੍ਰਿਸਟੋਫਰ ਲਕਸਨ ਨੇ ਪ੍ਰਧਾਨ ਮੰਤਰੀ ਵਜੋਂ ਆਪਣੀ ਪਹਿਲੀ ਸਕੂਲ ਯਾਤਰਾ ਦੇ ਦੌਰਾਨ ਕਲਾਸ ਦੇ ਸਮੇਂ ਦੌਰਾਨ ਮੋਬਾਈਲ ਫੋਨਾਂ ਦੇ ਵਰਤਣ ’ਤੇ ਪਾਬੰਦੀ ਲਗਾਉਣ ਦੇ ਆਪਣੇ ਇਰਾਦੇ ਨੂੰ ਦੁਹਰਾਇਆ ਹੈ।

ਆਕਲੈਂਡ ਦੇ ਮੈਨੁਰੇਵਾ ਇੰਟਰਮੀਡੀਏਟ ਵਿਖੇ ਨਵੀਂ ਸਿੱਖਿਆ ਮੰਤਰੀ ਏਰਿਕਾ ਸਟੈਨਫੋਰਡ ਦੇ ਨਾਲ ਮੀਡੀਆ ਨਾਲ ਗੱਲ ਕਰਦੇ ਹੋਏ, ਪ੍ਰਧਾਨ ਮੰਤਰੀ ਲਕਸਨ ਨੇ ਕਿਹਾ ਕਿ, “ਅਸੀਂ ਨਿਊਜ਼ੀਲੈਂਡ ਭਰ ਦੇ ਸਕੂਲਾਂ ਵਿੱਚ ਫੋਨਾਂ ’ਤੇ ਪਾਬੰਦੀ ਲਗਾਉਣ ਜਾ ਰਹੇ ਹਾਂ”।

ਉਨ੍ਹਾਂ ਕਿਹਾ ਕਿ ਇਹ ਬਹੁਤ ਹੀ ਸਧਾਰਨ ਗੱਲ ਹੈ ਕਿ ਤੁਸੀਂ ਇਸ ਤਰ੍ਹਾਂ ਦੇ ਚੰਗੇ ਸਕੂਲ ਵੇਖਦੇ ਹੋ ਜੋ ਪਹਿਲਾਂ ਹੀ ਇਹ ਫ਼ੈਸਲਾ ਲੈ ਚੁੱਕੇ ਹਨ ਅਤੇ ਵਧੀਆ ਵਿੱਦਿਅਕ ਨਤੀਜੇ ਪ੍ਰਾਪਤ ਕਰਨਾ ਲੰਬੇ ਸਮੇਂ ਤੋਂ ਚੱਲੀ ਆ ਰਿਹਾ ਰਿਵਾਜ ਹੈ। ਪੋਡੀਅਮ ’ਤੇ ਬੈਠਣ ਤੋਂ ਪਹਿਲਾਂ ਪ੍ਰਧਾਨ ਮੰਤਰੀ ਲਕਸਨ ਦੇ ਪਸੰਦੀਦਾ ਗੀਤ ਲੰਚਮਨੀ ਲੇਵਿਸ ਦੁਆਰਾ ‘ਬਿੱਲਜ਼’ ਦੇ ਵਿਦਿਆਰਥੀਆਂ ਦੁਆਰਾ ਪੇਸ਼ ਕੀਤਾ ਗਿਆ ਸੀ।

ਨਵੀਂ ਸਿੱਖਿਆ ਮੰਤਰੀ ਸਟੈਨਫੋਰਡ ਨੇ ਕਿਹਾ ਕਿ ਸਾਡੇ ਅੱਧੇ ਤੋਂ ਵੀ ਘੱਟ ਨੌਜਵਾਨ ਸਾਖਰਤਾ ਅਤੇ ਗਿਣਤੀ ਦੇ ਮਿਆਰਾਂ ਨੂੰ ਪੂਰਾ ਕਰਨ ਦੇ ਯੋਗ ਹਨ। ਉਨ੍ਹਾਂ ਨੇ ਕਿਹਾ ਕਿ ਪਾਠਕ੍ਰਮ ਵਰਤਮਾਨ ਵਿੱਚ ਅਧਿਆਪਕਾਂ ਜਾਂ ਬੱਚਿਆਂ ਦਾ ਸਮਰਥਨ ਨਹੀਂ ਕਰ ਰਿਹਾ ਹੈ ਅਤੇ ਇਹੀ ਕਾਰਣ ਹੈ ਕਿ ਉਹ ਸਾਖਰਤਾ ਅਤੇ ਗਿਣਤੀ ਦੇ ਮਾਪਦੰਡਾਂ ਨੂੰ ਪੂਰਾ ਨਹੀਂ ਕਰ ਰਹੇ ਹਨ।

ਨੈਸ਼ਨਲ ਸਟੈਂਡਰਡਜ਼ ਦੀ ਪਿਛਲੀ ਨੀਤੀ ’ਤੇ ਬੋਲਦੇ ਹੋਏ, ਸਟੈਨਫੋਰਡ ਨੇ ਕਿਹਾ ਕਿ ਉਨ੍ਹਾਂ ਨੇ ਹੁਣ ਜੋ ਯੋਜਨਾ ਬਣਾਈ ਹੈ ਉਹ ਬਿਲਕੁਲ ਵੱਖਰੀ ਸੀ ਅਤੇ ‘ਅਸੀਂ ਗ਼ਲਤੀਆਂ ਤੋਂ ਸਿੱਖਿਆ ਹੈ’। ਪ੍ਰਧਾਨ ਮੰਤਰੀ ਲਕਸਨ ਨੇ ਇਸ ਹਫ਼ਤੇ ਆਪਣੀ 100-ਦਿਨ ਦੀ ਯੋਜਨਾ ਦਾ ਐਲਾਨ ਕੀਤੀ, ਜਿਸ ਵਿੱਚ ਕਈ ਸਿੱਖਿਆ ਪਹਿਲਕਦਮੀਆਂ ਸ਼ਾਮਲ ਹਨ ਜਿਸ ਵਿੱਚ ਟੇ ਪੁਕੇਨਗਾ, ਪੌਲੀਟੈਕ ਮੈਗਾ-ਵਿਲੀਨਤਾ ਨੂੰ ਅਸਥਿਰ ਕਰਨਾ ਸ਼ੁਰੂ ਕਰਨਾ ਸ਼ਾਮਲ ਹੈ, ਸਕੂਲਾਂ ਵਿੱਚ ਸੈਲਫੋਨ ’ਤੇ ਪਾਬੰਦੀ ਅਤੇ ਪ੍ਰਾਇਮਰੀ ਸਕੂਲ ਦੇ ਵਿਦਿਆਰਥੀਆਂ ਲਈ ਅੰਗਰੇਜ਼ੀ ਅਤੇ ਗਣਿਤ ਦੇ ਪਾਠਕ੍ਰਮ ਨੂੰ ਮੁੜ ਡਿਜ਼ਾਈਨ ਕਰਨ ਲਈ ਇੱਕ ਮਾਹਿਰ ਸਮੂਹ ਦੀ ਨਿਯੁਕਤੀ ਕਰਨਾ ਹੈ।ਪ੍ਰਧਾਨ ਮੰਤਰੀ ਲਕਸਨ ਨੇ ਇਹ ਵੀ ਵਾਅਦਾ ਕੀਤਾ ਹੈ ਕਿ ਪ੍ਰਾਇਮਰੀ ਅਤੇ ਇੰਟਰਮੀਡੀਏਟ ਸਕੂਲਾਂ ਵਿੱਚ 2024 ਤੋਂ ਪ੍ਰਤੀ ਦਿਨ ਇੱਕ ਘੰਟਾ ਪੜ੍ਹਨ, ਲਿਖਣਾ ਅਤੇ ਗਣਿਤ ਸਿਖਾਉਣ ਜ਼ਰੂਰੀ ਹੋਵੇਗਾ।


ਗੁਰਦੁਆਰਾ ਸਿੱਖ ਸੰਗਤ ਟੌਰੰਗਾ ਸਿਟੀ ਵੱਲੋਂ
ਨੌਵਾਂ ਮਹਾਨ
ਆਰੰਭ 11 ਵਜੇ
ਨਗਰ ਕੀਰਤਨ
ਐਤਵਾਰ 14 ਜਨਵਰੀ 2024@11 am
ਸੰਤ-ਸਿਪਾਹੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵਿਸ਼ਵ ਭਰ
ਵਿਚ ਮਨਾਏ ਜਾ ਰਹੇ 357 ਵੇਂ ਪ੍ਰਕਾਸ਼ ਦਿਹਾੜੇ 'ਤੇ
ਆਪ ਸਭ ਨੂੰ ਲੱਖ-ਲੱਖ ਵਧਾਈਆਂ
NAGAR KIRTAN
Tauranga
JEE AYA NU JI
12 ਜਨਵਰੀ
ਆਰੰਭ ਸ੍ਰੀ ਅਖੰਡ ਪਾਠ ਸਾਹਿਬ ਸਵੇਰੇ 9 ਵਜੇ
ਭੋਗ ਸ੍ਰੀ ਅਖੰਡ ਪਾਠ ਸਾਹਿਬ
14 ਜਨਵਰੀ ਦਿਨ ਐਤਵਾਰ
ਸਵੇਰੇ 9 ਵਜੇ, ਕੀਰਤਨ ਅਰਦਾਸ ਅਤੇ ਨਗਰ
ਕੀਰਤਨ ਦੀ ਆਰੰਭਤਾ ਸਵੇਰੇ 11 ਵਜੇ
ਪਹਿਲਾ ਪੜਾਅ ਬੁਆਇਜ ਕਾਲਜ
ਟੌਰੰਗਾ ਜਿਥੇ ਗਤਕੇ ਦੇ ਜੌਹਰ ਅਤੇ
ਵਧਾਈ ਸੰਦੇਸ਼ ਹੋਣਗੇ।
Starts From
ਗੁਰਦੁਆਰਾ ਸਿੱਖ ਸੰਗਤ
43 Burrows St, Tauranga
South, Tauranga
End At
ਗੁਰਦੁਆਰਾ ਸਿੱਖ ਸੰਗਤ
43 Burrows St, Tauranga
South, Tauranga
* ਗਤਕੇ ਦੇ ਜੌਹਰ
* ਮਿਊਜ਼ਕ ਬੈਂਡ
* ਸਿੱਖ ਬਾਣੇ ਵਿਚ ਬੱਚੇ
* ਕੀਰਤਨ ਅਤੇ ਕਵੀਸ਼ਰੀ
Various Sewa Available
Proudly Sponsored By
Tauranga City Council
Tauranga City
ਗੁਰਦੁਆਰਾ ਸਿੱਖ ਸੰਗਤ
ਟੌਰੰਗਾ ਸਿਟੀ
Gurdwara Sikh Sangat
Tauranga City
Gurudwara Sikh Sangat,
43 Burrows St, Tauranga South, Tauranga
Phone : 07 578 4613
Design by: www.punjabiherald.co.nz

# ਪਾਪਾਟੋਏਟੋਏ 'ਸ਼ਾਂਤਾ ਪਰੇਡ' ਵਿੱਚ ਬਹੁ-ਸਭਿਆਚਾਰਕ ਰੰਗਾਂ ਦਾ ਪ੍ਰਗਟਾਵਾ

**ਪਾਪਾਟੋਏਟੋਏ** - ਇੱਥੇ ਕ੍ਰਿਸਮਿਸ ਮੌਕੇ ਹਰ ਸਾਲ ਦੀ ਤਰ੍ਹਾਂ ਹੋਣ ਵਾਲੀ 'ਪਾਪਾਟੋਏਟੋਏ ਸ਼ਾਂਤਾ ਪਰੇਡ' 6 ਦਸੰਬਰ ਦਿਨ ਬੁੱਧਵਾਰ ਨੂੰ ਕੱਢੀ ਗਈ। ਇਸ ਵਾਰ ਮੌਸਮ ਸਾਫ਼ ਸੀ ਅਤੇ ਪਾਪਾਟੋਏਟੋਏ ਕ੍ਰਿਸਮਿਸ ਪਰੇਡ ਵਿੱਚ ਬਹੁ-ਸਭਿਆਚਾਰਕ ਰੰਗਾਂ ਦਾ ਪ੍ਰਗਟਾਵਾ ਵੇਖਣ ਨੂੰ ਮਿਲਿਆ। ਸ਼ਾਂਤਾ ਪਰੇਡ ਵਿੱਚ ਹਰ ਵਾਰ ਦੀ ਤਰ੍ਹਾਂ ਹਰ ਭਾਈਚਾਰੇ ਦੇ ਲੋਕਾਂ ਨੇ ਹਿੱਸਾ ਲਿਆ ਅਤੇ 'ਸ਼ਾਂਤਾ ਪਰੇਡ' ਦੀ ਸ਼ਾਨ ਵਧਾਈ।

'ਪਾਪਾਟੋਏਟੋਏ ਸ਼ਾਂਤਾ ਪਰੇਡ' ਆਕਲੈਂਡ ਕੌਂਸਲ ਅਤੇ ਓਟਾਰਾ-ਪਾਪਾਟੋਏਟੋਏ ਦੇ ਆਪਸੀ ਸਹਿਯੋਗ ਨਾਲ ਕੱਢੀ ਜਾਂਦੀ ਹੈ। ਇਹ ਪਰੇਡ 7.00 ਵਜੇ ਸ਼ਾਮੀ ਪਾਪਾਟੋਏਟੋਏ ਸੈਂਟਰ ਸਕੂਲ ਕਾਰਨਰ ਤੋਂ ਸ਼ੁਰੂ ਹੋ ਕੇ ਗ੍ਰੇਟ ਸਾਊਥ ਰੋਡ, ਕੋਮਲਰ ਰੋਡ ਤੇ ਸੈਂਟ ਜੌਰਜ ਸਟ੍ਰੀਟ ਤੋਂ ਹੁੰਦੀ ਹੋਈ ਪਾਪਾਟੋਏਟੋਏ ਦੇ ਡੂਨੋਟਰ ਰੋਡ ਵਿਖੇ ਸ਼ਾਮੀ 8.30 ਵਜੇ ਦੇ ਲਗਭਗ ਸਮਾਪਤ ਹੋਈ, ਜਿੱਥੇ ਕੌਂਸਲ ਵੱਲੋਂ ਬੱਚਿਆਂ ਦੇ ਮਨੋਰੰਜਨ ਦਾ ਇੰਤਜ਼ਾਮ ਕੀਤਾ ਹੋਇਆ ਸੀ। ਹਰ ਵਰਗ ਦੇ ਭਾਈਚਾਰੇ ਦੇ ਦਰਸ਼ਕਾਂ ਨੇ ਪੂਰੇ ਰਸਤੇ ਉੱਤੇ ਖੜ੍ਹੇ ਹੋ ਕੇ 'ਪਾਪਾਟੋਏਟੋਏ ਸ਼ਾਂਤਾ ਪਰੇਡ' ਦਾ ਅਨੰਦ ਮਾਣਿਆ।

'ਸ਼ਾਂਤਾ ਪਰੇਡ' ਵਿੱਚ ਭਾਰਤੀ ਭਾਈਚਾਰੇ ਦੇ ਨਾਲ-ਨਾਲ ਪੰਜਾਬੀ ਭਾਈਚਾਰੇ ਅਤੇ ਉਨ੍ਹਾਂ ਦੇ ਅਦਾਰਿਆਂ ਨੇ ਹਿੱਸਾ ਲਿਆ। ਪਰੇਡ ਵਿੱਚ ਉਹ ਆਪਣੀ ਗੱਡੀਆਂ ਅਤੇ ਬੈਨਰਾਂ ਨਾਲ ਪਹੁੰਚੇ ਹੋਏ ਸਨ। ਗੁਰਦੁਆਰਾ ਦਸਮੇਸ਼ ਦਰਬਾਰ ਸਾਹਿਬ, ਕੋਲਮਰ ਰੋਡ ਦੇ ਪੰਜਾਬੀ ਭਵਨ ਵੱਲੋਂ ਵੀ ਹਰ ਵਾਰ ਦੀ ਤਰ੍ਹਾਂ ਵੱਡਾ ਟਰਾਲਾ ਸਜਾਇਆ ਹੋਇਆ ਸੀ, ਜਿਸ ਵਿੱਚ ਪੰਜਾਬੀਅਤ ਦੇ ਰੰਗ ਨਜ਼ਰ ਆ ਰਹੇ ਸਨ।













# ਗੁਰੂ ਤੇਗ ਬਹਾਦਰ ਜੀ ਨੂੰ ਯਾਦ ਕਰਦਿਆਂ

ਲੇਖਕ : ਸੰਤੋਖ ਸਿੰਘ ਸੰਧੂ (+64 22 071 0935)



ਗੁਰੂ ਨਾਨਕ ਦੇਵ ਜੀ ਵੱਲੋਂ ਚਲਾਏ ਗਏ ਸਿੱਖ ਪੰਥ ਦੇ ਨੌਵੇਂ ਗੱਦੀ ਨਸ਼ੀਨ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਜਨਮ ਗੁਰੂ ਕੇ ਮਹਿਲ, ਸ਼੍ਰੀ ਅੰਮ੍ਰਿਤਸਰ ਵਿਖੇ ਪਿਤਾ ਸ਼੍ਰੀ ਗੁਰੂ ਹਰਿਗੋਬਿੰਦ ਜੀ ਅਤੇ ਮਾਤਾ ਨਾਨਕੀ ਜੀ ਦੇ ਗ੍ਰਹਿ ਵਿਖੇ ਪਹਿਲੀ ਅਪ੍ਰੈਲ, 1621 ਨੂੰ ਹੋਇਆ। ਕੁਝ ਇਤਿਹਾਸਕਾਰ ਇਹ ਮਿਤੀ 18 ਅਪ੍ਰੈਲ, ਕੁੱਝ 21 ਅਪ੍ਰੈਲ ਅਤੇ ਕੁੱਝ 25 ਅਪ੍ਰੈਲ ਮੰਨਦੇ ਹਨ। ਉਸ ਵੇਲੇ ਦਾ ਜਨਮ ਤੇ ਮੌਤ ਇੰਦਰਾਜ ਦਾ ਕੋਈ ਭਰੋਸੇ ਯੋਗ ਰਿਕਾਰਡ ਉਪਲਬਧ ਨਾ ਹੋਣ ਕਰਕੇ ਕਿਸੇ ਵੀ ਮਿਤੀ ਨੂੰ ਦਾਅਵੇ ਨਾਲ ਸਹੀ ਨਹੀਂ ਕਿਹਾ ਜਾ ਸਕਦਾ। ਆਪ ਜੀ ਦਾ ਬਚਪਨ ਦਾ ਨਾਂ ਤਿਆਗ ਮੱਲ ਸੀ। ਆਪ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਭ ਤੋਂ ਛੋਟੇ ਪੁੱਤਰ ਸਨ। ਆਪ ਜੀ ਦੇ ਵੱਡੇ ਭਰਾਵਾਂ ਦੇ ਨਾਂ ਸਨ ਬਾਬਾ ਗੁਰਦਿੱਤਾ ਜੀ, ਬਾਬਾ ਸੂਰਜ ਮੱਲ ਜੀ, ਬਾਬਾ ਮਨੀ ਰਾਇ ਜੀ ਅਤੇ ਬਾਬਾ ਅਟੱਲ ਰਾਇ ਜੀ। ਆਪ ਜੀ ਦੀ ਇੱਕ ਭੈਣ ਸੀ ਜਿਸ ਦਾ ਨਾਂ ਬੀਬੀ ਵੀਰੋ ਜੀ ਸੀ।

ਗੁਰੂ ਤੇਗ ਬਹਾਦਰ ਜੀ ਦਾ ਪਾਲਣ ਪੋਸ਼ਣ ਸਿੱਖ ਰਵਾਇਤਾਂ ਅਨੁਸਾਰ ਹੋਇਆ। ਬਾਬਾ ਬੁੱਢਾ ਜੀ ਨੇ ਆਪ ਜੀ ਨੂੰ ਤੀਰ-ਅੰਦਾਜ਼ੀ ਅਤੇ ਘੋੜ ਸਵਾਰੀ ਦੀ ਸਿੱਖਿਆ ਦਿੱਤੀ। ਪਿਤਾ ਹਰਿਗੋਬਿੰਦ ਜੀ ਨੇ ਆਪ ਨੂੰ ਤਲਵਾਰਬਾਜ਼ੀ ਦੀ ਸਿੱਖਿਆ ਦਿੱਤੀ। ਇਸ ਤੋਂ ਇਲਾਵਾ ਆਪ ਜੀ ਨੂੰ ਪੁਰਾਤਨ ਧਾਰਮਿਕ ਸਿੱਖਿਆ ਦੇ ਨਾਲ ਵੇਦਾਂ, ਉਪਨਿਸ਼ਦਾਂ ਅਤੇ ਪੁਰਾਣਾਂ ਦੀ ਵੀ ਸਿੱਖਿਆ ਦਿੱਤੀ ਗਈ। ਆਪ ਨੇ ਗੁਰਮੁਖੀ, ਹਿੰਦੀ ਅਤੇ ਸੰਸਕ੍ਰਿਤ ਦੀ ਵਿੱਦਿਆ ਪ੍ਰਾਪਤ ਕੀਤੀ। ਆਪ ਇੱਕ ਕਵੀ, ਇੱਕ ਚਿੰਤਕ ਅਤੇ ਇੱਕ ਸੂਰਬੀਰ ਯੋਧਾ ਸਨ। ਆਪ ਨੇ ਗੁਰੂ ਨਾਨਕ ਅਤੇ ਆਪ ਤੋਂ ਪਹਿਲੇ ਹੋਰ ਗੁਰੂ ਸਾਹਿਬਾਨਾਂ ਦੀ ਪਾਵਨਤਾ ਅਤੇ ਧਰਮ ਗਿਆਨ ਦੇ ਚਾਨਣ ਨੂੰ ਅੱਗੇ ਵਧਾਇਆ। ਆਪ ਜੀ ਦੀਆਂ ਅਧਿਆਤਮਿਕ ਰਚਨਾਵਾਂ ਦੇ ਵਿਸ਼ੇ ਸਨ ਪ੍ਰਭੂ ਦੀ ਮਹਿਮਾ, ਮਨੁੱਖਤਾ, ਤਨ, ਮਨ, ਕਸ਼ਟ ਗੌਰਵ, ਸੇਵਾ ਅਤੇ ਮੁਕਤੀ, ਜੋ ਕਿ ਉਨ੍ਹਾਂ ਦੀਆਂ 116 ਰਚਨਾਵਾਂ ਵਿੱਚੋਂ ਝਲਕ ਦੇ ਹਨ। ਇਹ 116 ਕਾਵਿਕ ਸ਼ਬਦ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਗ 219 ਤੋਂ 1426-29 ਉੱਤੇ 15 ਰਾਗਾਂ ਵਿੱਚ ਦਰਜ ਹਨ। ਉਨ੍ਹਾਂ ਦੀਆਂ ਇਹ ਰਚਨਾਵਾਂ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਦੋਂ ਦਮਦਮਾ ਸਾਹਿਬ ਵਿਖੇ ਮੌਜੂਦਾ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕੀਤੀ ਸੀ ਉਦੋਂ ਦਰਜ ਕੀਤੀਆਂ ਸਨ। ਸੰਨ 1632 ਵਿੱਚ ਆਪ ਜੀ ਦਾ ਵਿਆਹ ਕਰਤਾਰ ਪੁਰ ਵਿਖੇ ਸ਼੍ਰੀ ਲਾਲ ਚੰਦ ਤੇ ਸ਼੍ਰੀਮਤੀ ਬਿਸ਼ਨ ਕੌਰ ਦੀ ਪੁੱਤਰੀ ਗੁਜਰ ਕੌਰ ਜੀ (ਜਿਸ ਨੂੰ ਮਾਤਾ ਗੁਜਰ ਕੌਰ ਜਾਂ ਮਾਤਾ ਗੁਜਰੀ ਜੀ ਦੇ ਨਾਂ ਨਾਲ ਜਾਣਿਆਂ ਜਾਂਦਾ ਹੈ) ਨਾਲ ਹੋਇਆ।

ਤਿਆਗ ਮੱਲ ਤੋਂ ਤੇਗ ਬਹਾਦਰ

ਸੰਨ 1634 ਵਿੱਚ ਬਾਦਸ਼ਾਹ ਸ਼ਾਹ ਜਹਾਨ ਜੰਗਲ ਵਿੱਚ ਸ਼ਿਕਾਰ ਖੇਡ ਰਿਹਾ ਸੀ। ਉਸ ਜੰਗਲ ਵਿੱਚ ਗੁਰੂ ਹਰਿਗੋਬਿੰਦ ਜੀ ਦੇ ਸਿੱਖ ਵੀ ਮੌਜੂਦ ਸਨ। ਸਿੱਖਾਂ ਨੇ ਬਾਦਸ਼ਾਹ ਸ਼ਾਹ ਜਹਾਨ ਦਾ ਬਾਜ਼ ਫੜ ਲਿਆ ਸੀ। ਗ਼ੁੱਸੇ ਵਿੱਚ ਸ਼ਾਹ ਜਹਾਨ ਦੇ ਜਰਨੈਲ ਪੈਂਦੇ ਖਾਨ ਨੇ ਮੁਗ਼ਲ ਸੈਨਿਕਾਂ ਨਾਲ ਗੁਰੂ ਜੀ ਦੇ ਪਿੰਡ ਉੱਤੇ ਹਮਲਾ ਕਰ ਦਿੱਤਾ। ਉਸ ਸਮੇਂ ਤਿਆਗ ਮੱਲ ਦੀ ਉਮਰ 13 ਸਾਲ ਦੀ ਸੀ। ਮੁਗ਼ਲਾਂ ਤੇ ਗੁਰੂ ਹਰਿਗੋਬਿੰਦ ਸਮੇਤ ਸਿੱਖਾਂ ਵਿੱਚ ਖ਼ੂਨੀ ਜੰਗ ਹੋਈ। ਇਸ ਨੂੰ ਗੁਰੂ ਜੀ ਦੀ ਕਰਤਾਰ ਪੁਰ ਦੀ ਜੰਗ ਦੇ ਨਾਂ ਨਾਲ ਜਾਣਿਆਂ ਜਾਂਦਾ ਹੈ। ਇਸ ਜੰਗ ਵਿੱਚ ਤਿਆਗ ਮੱਲ ਨੇ ਤਲਵਾਰ ਦੇ ਅਜਿਹੇ ਜੌਹਰ ਵਿਖਾਏ ਕਿ ਪਿਤਾ ਹਰਿਗੋਬਿੰਦ ਜੀ ਨੇ ਤਿਆਗ ਮੱਲ ਨੂੰ ਤੇਗ ਬਹਾਦਰ ਦੇ ਖ਼ਿਤਾਬ ਨਾਲ ਨਿਵਾਜਿਆ ਸੀ। ਬਾਅਦ ਵਿੱਚ ਤਿਆਗ ਮੱਲ ਦਾ ਨਾਂ ਤੇਗ ਬਹਾਦਰ ਪੈ ਗਿਆ। ਇਸਤੋਂ ਬਾਅਦ ਤੇਗ ਬਹਾਦਰ ਜੀ ਸਨਿਆਸੀ ਅਤੇ ਭਗਤੀ ਜੀਵਨ ਵਿੱਚ ਮਗਨ ਹੋ ਗਏ।

ਬਾਬਾ ਬਕਾਲਾ ਵਿੱਚ ਨਿਵਾਸ

ਗੁਰੂ ਹਰਿਗੋਬਿੰਦ ਜੀ ਸੰਨ 1640 ਵਿੱਚ ਆਪਣੀ ਪਤਨੀ ਨਾਨਕੀ ਜੀ, ਤਿਆਗ ਮੱਲ ਅਤੇ ਗੁਜਰ ਕੌਰ ਜੀ ਨੂੰ ਨਾਲ ਲੈ ਕੇ ਅੰਮ੍ਰਿਤਸਰ ਦੇ ਕਸਬਾ ਬਕਾਲਾ ਵਿੱਚ ਚਲੇ ਗਏ। ਉਨ੍ਹਾਂ ਦਿਨਾਂ ਵਿੱਚ ਕਸਬਾ ਬਕਾਲਾ ਬਹੁਤ ਸਾਰੇ ਸੁੰਦਰ ਤਲਾਬਾਂ ਅਤੇ ਖੂਹਾਂ ਨਾਲ ਬੜਾ ਖ਼ੁਸ਼ਹਾਲ ਕਸਬਾ ਸੀ। ਗੁਰੂ ਹਰਿਗੋਬਿੰਦ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਤਿਆਗ ਮੱਲ ਜੀ ਆਪਣੀ ਪਤਨੀ ਅਤੇ ਮਾਤਾ ਨਾਲ ਬਕਾਲੇ ਵਿੱਚ ਹੀ ਠਹਿਰੇ ਰਹੇ। ਉੱਥੇ ਭੋਰੇ ਵਿੱਚ ਬੈਠ ਕੇ ਕਈ ਸਾਲ ਭਗਤੀ ਕੀਤੀ ਅਤੇ ਇੱਥੇ 26 ਸਾਲ ਰਹੇ।

ਨਾਨਕ ਗੁਰਗੱਦੀ ਦੀ ਪ੍ਰਾਪਤੀ

ਗੁਰੂ ਹਰਿਗੋਬਿੰਦ ਜੀ ਨੇ ਆਪਣੇ ਤੋਂ ਬਾਅਦ ਗੁਰਗੱਦੀ ਦਾ ਵਾਰਿਸ ਬਣਾਉਣ ਲਈ ਆਪਣੇ ਪੋਤਰੇ ਹਰਿ ਰਾਇ ਜੀ ਨੂੰ ਯੋਗ ਸਮਝਿਆ ਅਤੇ ਸੰਨ 1644 ਵਿੱਚ ਗੁਰਗੱਦੀ ਉੱਤੇ ਬਿਠਾਇਆ। ਫਿਰ ਗੁਰੂ ਹਰਿ ਰਾਇ ਜੀ ਨੇ ਆਪਣੇ ਪੁੱਤਰ ਹਰਕ੍ਰਿਸ਼ਨ ਜੀ ਨੂੰ 1661 ਵਿੱਚ ਗੁਰਗੱਦੀ ਉੱਤੇ ਬਿਠਾਇਆ। ਗੁਰੂ ਹਰਕ੍ਰਿਸ਼ਨ ਜੀ ਦੀ ਉਸ ਵੇਲੇ ਉਮਰ 5 ਸਾਲ ਦੀ ਸੀ। ਦਿੱਲੀ ਵਿੱਚ ਚੇਚਕ ਦੀ ਮਹਾਂਮਾਰੀ ਫੈਲ ਗਈ ਸੀ ਅਤੇ ਉਸ ਸਮੇਂ ਗੁਰੂ ਹਰਕ੍ਰਿਸ਼ਨ ਜੀ ਦਿੱਲੀ ਗਏ ਹੋਏ ਸਨ। ਉੱਥੇ ਉਨ੍ਹਾਂ ਨੇ ਚੇਚਕ ਤੋਂ ਪੀੜਤ ਲੋਕਾਂ ਦੀ ਤਨ ਦੇਹੀ ਨਾਲ ਸੇਵਾ ਕਰਨੀ ਸ਼ੁਰੂ ਕੀਤੀ ਅਤੇ ਅੰਤ ਆਪ ਵੀ ਚੇਚਕ ਦੀ ਬੀਮਾਰੀ ਦੇ ਸ਼ਿਕਾਰ ਹੋ ਗਏ ਅਤੇ ਸੰਨ 1664 ਵਿੱਚ ਜੋਤੀ ਜੋਤ ਸਮਾ ਗਏ। ਉਨ੍ਹਾਂ ਦਾ ਅੰਤ ਸਮਾਂ ਨੇੜੇ ਆਇਆ ਵੇਖ ਕੇ ਉੱਥੇ ਇਕੱਠੇ ਹੋਏ ਸਿੱਖਾਂ ਨੇ ਗੁਰੂ ਹਰਕ੍ਰਿਸ਼ਨ ਜੀ ਤੋਂ ਪੁੱਛਿਆ ਕਿ ਉਨ੍ਹਾਂ ਤੋਂ ਬਾਅਦ ਸਿੱਖਾਂ ਦਾ ਅਗਲਾ ਗੁਰੂ ਕੌਣ ਹੋਵੇਗਾ। ਗੁਰੂ ਹਰਕ੍ਰਿਸ਼ਨ ਜੀ ਬੀਮਾਰੀ ਕਾਰਨ ਇੰਨੇ ਕਮਜ਼ੋਰ ਹੋ ਗਏ ਸਨ ਕਿ ਉਨ੍ਹਾਂ ਦੀ ਸਪਸ਼ਟ ਆਵਾਜ਼ ਵੀ ਨਹੀਂ ਨਿਕਲ ਰਹੀ ਸੀ। ਇਸ ਹਾਲਤ ਵਿੱਚ ਉਨ੍ਹਾਂ ਦੇ ਮੁੱਖ ਤੋਂ ਸਿਰਫ਼ 'ਬਕਾਲੇ' ਦਾ ਸ਼ਬਦ ਹੀ ਨਿਕਲਿਆ। ਫਿਰ ਉਹ ਜੋਤੀ ਜੋਤ ਸਮਾ ਗਏ। ਉਨ੍ਹਾਂ ਦੇ ਸਸਕਾਰ ਤੋਂ ਬਾਅਦ ਦੀਵਾਨ ਦਰਗਾ ਮੱਲ ਦੀ ਅਗਵਾਈ ਹੇਠ ਸਿੱਖਾਂ ਦਾ ਇੱਕ ਜਥਾ ਬਕਾਲਾ ਵਿਖੇ ਪਹੁੰਚ ਗਿਆ। ਉਨ੍ਹਾਂ ਨੇ ਵੇਖਿਆ ਕਿ ਬਕਾਲਾ ਵਿਖੇ ਸੋਢੀ ਵੰਸ਼ ਦੇ ਆਪੇ ਬਣੇ 22 ਗੁਰੂ ਵੱਖ ਵੱਖ ਅੱਡੇ ਲਾਈ ਬੈਠੇ ਸਨ। ਜਥੇ ਵੱਲੋਂ ਅਜਿਹੀ ਹਾਲਤ ਵਿੱਚ ਅਸਲ ਸਿੱਖ ਗੁਰੂ ਦੀ ਪਹਿਚਾਣ ਕਰਨੀ ਬੜੀ ਮੁਸ਼ਕਿਲ ਸੀ।



ਇਸ ਦੌਰਾਨ ਇੱਕ ਘਟਨਾ ਵਾਪਰਦੀ ਹੈ। ਇੱਕ ਸਿੱਖ ਵਪਾਰੀ 'ਮੱਖਣ ਸ਼ਾਹ ਲੁਬਾਣਾ' ਦਾ ਜਹਾਜ਼, ਜੋਕਿ ਭਾਰੀ ਸਾਜ਼ੋ ਸਾਮਾਨ ਨਾਲ ਲੱਦਿਆ ਹੋਇਆ ਸੀ, ਸਮੁੰਦਰ ਵਿੱਚ ਆਏ ਤੂਫ਼ਾਨ ਦੀ ਲਪੇਟ ਵਿੱਚ ਆ ਗਿਆ। ਆਪਣੀ ਜਾਨ, ਮਾਲ ਅਤੇ ਜਹਾਜ਼ ਨੂੰ ਖ਼ਤਰੇ ਵਿੱਚ ਪਿਆ ਵੇਖ ਕੇ ਮੱਖਣ ਸ਼ਾਹ ਨੇ ਗੁਰੂ ਮਹਾਰਾਜ ਅੱਗੇ ਅਰਦਾਸ ਕੀਤੀ ਅਤੇ 500 ਸੋਨੇ ਦੀਆਂ ਮੁਹਰਾਂ ਭੇਟਾ ਦੇਣ ਦਾ ਵਚਨ ਕੀਤਾ। ਜਹਾਜ਼ ਸਹੀ ਸਲਾਮਤ ਸਮੁੰਦਰ ਕਿਨਾਰੇ ਬੰਦਰਗਾਹ ਉੱਤੇ ਆਣ ਲੱਗਿਆ। ਮੱਖਣ ਸ਼ਾਹ ਕੀਤੇ ਵਚਨ ਅਨੁਸਾਰ ਗੁਰੂ ਦਾ ਸ਼ੁਕਰਾਨਾ ਕਰਨ ਲਈ ਦਿੱਲੀ ਵੱਲ ਚੱਲ ਪਿਆ। ਦਿੱਲੀ ਪਹੁੰਚ ਕੇ ਉਸ ਨੂੰ ਪਤਾ ਲੱਗਾ ਕਿ ਗੁਰੂ ਹਰਕ੍ਰਿਸ਼ਨ ਜੀ ਜੋਤੀ ਜੋਤ ਸਮਾ ਗਏ ਹਨ। ਅਗਲੇ ਸਿੱਖ ਗੁਰੂ ਦੇ ਬਕਾਲਾ ਵਿਖੇ ਹੋਣ ਦਾ ਇਸ਼ਾਰਾ ਕਰ ਗਏ ਹਨ। ਫਿਰ ਉੱਥੋਂ ਮੱਖਣ ਸ਼ਾਹ ਬਕਾਲੇ ਨੂੰ ਰਵਾਨਾ ਹੋ ਗਿਆ। ਬਕਾਲਾ ਪਹੁੰਚ ਕੇ ਉਸ ਨੂੰ ਵੀ 22 ਅਖੌਤੀ ਗੁਰੂਆਂ ਦਾ ਸਾਹਮਣਾ ਕਰਨਾ ਪਿਆ। ਉਸ ਨੇ ਅਸਲੀ ਗੁਰੂ ਦੀ ਪਰਖ ਕਰਨ ਲਈ ਸਾਰਿਆਂ ਮੂਹਰੇ ਦੋ ਦੋ ਮੁਹਰਾਂ ਰੱਖ ਕੇ ਮੱਥਾ ਟੇਕਣਾ ਸ਼ੁਰੂ ਕਰ ਦਿੱਤਾ। ਸਭਨਾਂ ਨੇ ਮੁਹਰਾਂ ਪ੍ਰਾਪਤ ਕਰਕੇ ਰਸਮ ਅਨੁਸਾਰ ਅਸ਼ੀਰਵਾਦ ਦੇਣ ਤੋਂ ਬਿਨਾ ਹੋਰ ਕੁੱਝ ਨਹੀਂ ਕਿਹਾ। ਅੰਤ ਵਿੱਚ ਉਸ ਨੇ ਉੱਥੇ ਖੇਡਦੇ ਬੱਚਿਆਂ ਤੋਂ ਪੁੱਛਿਆ ਕਿ ਇਨ੍ਹਾਂ 22 ਸਾਧੂਆਂ ਤੋਂ ਇਲਾਵਾ ਕੀ ਕੋਈ ਹੋਰ ਵੀ ਇੱਥੇ ਸਾਧੂ ਸੰਤ ਹੈ, ਤਾਂ ਬੱਚਿਆਂ ਨੇ ਦੱਸਿਆ ਕਿ ਹਾਂ ਇੱਕ ਉਸ ਭੋਰੇ ਵਿੱਚ ਰਹਿੰਦਾ ਹੈ। ਮੱਖਣ ਸ਼ਾਹ ਉਸ ਭੋਰੇ ਵੱਲ ਗਿਆ ਤਾਂ ਉੱਥੇ ਉਸ ਦਾ ਸਾਹਮਣਾ ਮਾਤਾ ਗੁਜ਼ਰ ਕੌਰ ਨਾਲ ਹੋਇਆ। ਤੇਗ ਬਹਾਦਰ ਜੀ ਉਸ ਵੇਲੇ ਵੀ ਭਗਤੀ ਵਿੱਚ ਲੀਨ ਸਨ। ਮਾਤਾ ਗੁਜ਼ਰ ਕੌਰ ਨੇ ਦੱਸਿਆ ਕਿ ਜਦੋਂ ਉਹ ਸਿਮਰਨ ਉੱਤੇ ਬੈਠੇ ਹੁੰਦੇ ਹਨ ਤਾਂ ਕਿਸੇ ਨੂੰ ਵੀ ਮਿਲਣ ਦੀ ਆਗਿਆ ਨਹੀਂ ਹੁੰਦੀ। ਇੱਥੋਂ ਤੱਕ ਕਿ ਮੈਂ ਵੀ ਨਹੀਂ ਜਾ ਸਕਦੀ। ਇੰਨਾ ਸੁਣ ਕੇ ਮੱਖਣ ਸ਼ਾਹ ਉੱਥੇ ਹੀ ਬੈਠ ਗਿਆ ਅਤੇ ਉਡੀਕ ਕਰਨ ਲੱਗਾ ਕਿ ਕਦੋਂ ਉਸ ਸੰਤ ਦੀ ਅੱਖ ਖੁੱਲ੍ਹੇ ਅਤੇ ਉਹ ਜਾ ਕੇ ਮੱਥਾ ਟੇਕੇ। ਕੁੱਝ ਦੇਰ ਬਾਅਦ ਤੇਗ ਬਹਾਦਰ ਜੀ ਨੇ ਅੱਖਾਂ ਖੋਲੀਆਂ ਤਾਂ ਗੁਜਰ ਕੌਰ ਨੇ ਜਾ ਕੇ ਦੱਸਿਆ ਤਾਂ ਤੇਗ ਬਹਾਦਰ ਜੀ ਨੇ ਅੰਦਰ ਆਉਣ ਦੀ ਆਗਿਆ ਦੇ ਦਿੱਤੀ। ਮੱਖਣ ਸ਼ਾਹ ਨੇ ਹੋਰਨਾਂ ਵਾਂਗ ਹੀ ਤੇਗ ਬਹਾਦਰ ਜੀ ਅੱਗੇ ਵੀ ਦੋ ਮੁਹਰਾਂ ਰੱਖ ਕੇ ਮੱਥਾ ਟੇਕਿਆ। ਜਦ ਮੁੜਨ ਲੱਗਾ ਤਾਂ ਤੇਗ ਬਹਾਦਰ ਜੀ ਨੇ ਕਿਹਾ, ''ਭਾਈ ਵਚਨ 500 ਮੁਹਰਾਂ ਦਾ ਕਰਕੇ ਦੇ ਰਿਹਾ ਏਂ ਦੋ ਮੁਹਰਾਂ''।

ਇੰਨਾ ਸੁਣਦਿਆਂ ਹੀ ਮੱਖਣ ਸ਼ਾਹ ਨੇ 500 ਸੋਨੇ ਦੀਆਂ ਮੁਹਰਾਂ ਰੱਖ ਕੇ ਤੇਗ ਬਹਾਦਰ ਜੀ ਦੇ ਚਰਨਾਂ ਉੱਤੇ ਮੱਥਾ ਟੇਕਿਆ ਅਤੇ ਚਰਨਾਂ ਨੂੰ ਚੁੰਮ ਕੇ ਬਾਹਰ ਆ ਕੇ ਮਕਾਨ ਦੀ ਛੱਤ ਉੱਤੇ ਚੜ੍ਹ ਕੇ ਉੱਚੀ ਉੱਚੀ ਬੋਲਣ ਲੱਗਾ 'ਗੁਰੂ ਲਾਧੋ ਰੇ'। ਉਸ ਦੀ ਆਵਾਜ਼ ਸੁਣ ਕੇ ਲੋਕ ਇਕੱਠੇ ਹੋ ਗਏ। ਦਿੱਲੀ ਤੋਂ ਆਇਆ ਸਿੱਖ ਜਥਾ ਵੀ ਉੱਥੇ ਪਹੁੰਚ ਗਿਆ। ਜਦ ਉਨ੍ਹਾਂ ਨੇ ਮੱਖਣ ਸ਼ਾਹ ਤੋਂ ਸਾਰੀ ਘਟਨਾ ਸੁਣੀ ਤਾਂ ਉਨ੍ਹਾਂ ਨੇ ਤੇਗ ਬਹਾਦਰ ਜੀ ਨੂੰ ਅਗਲੇ ਸਿੱਖ ਗੁਰੂ ਬਣ ਕੇ ਨਾਨਕ ਗੁਰਗੱਦੀ ਸੰਭਾਲਣ ਦੀ ਬੇਨਤੀ ਕੀਤੀ। ਤੇਗ ਬਹਾਦਰ ਜੀ ਨੇ ਉਨ੍ਹਾਂ ਦੀ ਬੇਨਤੀ ਪ੍ਰਵਾਨ ਕਰ ਲਈ। ਫਿਰ ਦਰਗਾ ਮੱਲ ਨੇ ਤੇਗ ਬਹਾਦਰ ਜੀ ਨੂੰ ਸਿੱਖ ਗੁਰੂ ਬਣਾਉਣ ਦੀ ਰਸਮ ਅਦਾ ਕੀਤੀ। ਇਸ ਤਰ੍ਹਾਂ ਗੁਰੂ ਤੇਗ ਬਹਾਦਰ ਜੀ ਨੌਵੇਂ ਸਿੱਖ ਗੁਰੂ ਦੇ ਤੌਰ 'ਤੇ ਗੁਰਗੱਦੀ ਉੱਤੇ ਬਿਰਾਜਮਾਨ ਹੋਏ।

ਸ਼ਾਹਕਾਰ ਰਚਨਾ

ਗੁਰੂ ਤੇਗ ਬਹਾਦਰ ਜੀ ਨੇ ਜੋ ਗੁਰਬਾਣੀ ਦੀ ਰਚਨਾ ਕੀਤੀ ਉਸ ਵਿੱਚ 'ਸਲੋਕ ਮ: ੯' ਉਨ੍ਹਾਂ ਦੀ ਸ਼ਾਹਕਾਰ ਰਚਨਾ ਹੈ। ਸਲੋਕ ਮੁੱਖ ਤੌਰ 'ਤੇ ਦੋ ਕਾਵਿਕ ਸਤਰਾਂ ਦੇ ਹੁੰਦੇ ਹਨ। ਗੁਰੂ ਨਾਨਕ ਅਤੇ ਗੁਰੂ ਅਰਜਨ ਦੇਵ ਜੀ ਵੱਲੋਂ ਲਿਖੇ ਗਏ ਸਲੋਕ 4, 5, 6 ਅਤੇ 7 ਸਤਰਾਂ ਦੇ ਹਨ। ਦੋ ਸਤਰਾਂ ਦੇ ਸਲੋਕਾਂ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਵਿੱਚ ਰਚਨਾਕਾਰ ਨੇ ਕਾਫੀਆ ਮਿਲਾਉਂਦੇ ਹੋਇਆਂ ਸੰਪੂਰਨ ਕਹਾਣੀ, ਸੰਪੂਰਨ ਵਿਸ਼ੇ ਅਤੇ ਸੰਪੂਰਨ ਕੇਂਦਰੀ ਭਾਵ ਨੂੰ ਕਲਮਬੰਦ ਕਰਨਾ ਹੁੰਦਾ ਹੈ। ਉਦਾਹਰਣ ਦੇ ਤੌਰ 'ਤੇ ਗੁਰੂ ਤੇਗ ਬਹਾਦਰ ਜੀ ਦਾ ਪਹਿਲਾ ਸਲੋਕ ਹੀ ਕਮਾਲ ਦੀ ਵੰਨਗੀ ਹੈ:

''ਗੁਨ ਗੋਬਿੰਦ ਗਾਇਓ ਨਹੀ ਜਨਮੁ ਅਕਾਰਥ ਕੀਨੁ॥
ਕਹੁ ਨਾਨਕ ਹਰਿ ਭਜੁ ਮਨਾ ਜਿਹ ਬਿਧਿ ਜਲ ਕਉ ਮੀਨ ॥
''ਸ਼੍ਰੀ ਗੁਰੂ ਗ੍ਰੰਥ ਸਾਹਿਬ ਅੰਗ 1426

ਅਕਾਰਥ ਮਤਲਬ ਵਿਅਰਥ, ਕੀਨੁ = ਕਰਨਾ, ਜਿਹ = ਜਿਸ ਤਰ੍ਹਾਂ, ਬਿਧਿ =ਵਿਧੀ ਜਾਂ ਢੰਗ ਅਤੇ ਮੀਨ = ਮੱਛੀ ।

ਭਾਵ ਗੁਰੂ ਤੇਗ ਬਹਾਦਰ ਜੀ ਆਪਣੇ ਇਸ ਸਲੋਕ ਰਾਹੀਂ ਮਨੁੱਖ ਨੂੰ ਸਮਝਾਣਾ ਕਰਦੇ ਹਨ ਕਿ ਐ ਮਨੁੱਖ ਤੂੰ ਮਾਇਆ, ਈਰਖਾ, ਲਾਲਚ ਅਤੇ ਹੋਰ ਕਈ ਪ੍ਰਕਾਰ ਦੇ ਦੁਨਿਆਵੀ ਝਮੇਲਿਆਂ ਵਿੱਚ ਫਸ ਕੇ ਆਪਣਾ ਸਾਰਾ ਜੀਵਨ ਵਿਅਰਥ ਗਵਾ ਲੈਂਦਾ ਏਂ। ਇਸ ਜੀਵਨ ਦੇ ਸੁਧਾਰ ਲਈ ਅਤੇ ਆਪਣੇ ਮੂਲ ਨਾਲ ਮਿਲਾਪ ਲਈ ਕੋਈ ਜਤਨ ਨਹੀਂ ਕਰਦਾ। ਮੂਲ ਨਾਲ ਮਿਲਾਪ ਲਈ ਇੱਕੋ ਇੱਕ ਸਾਧਨ ਹੈ ਪ੍ਰਭੂ ਨਾਲ ਪਿਆਰ, ਪ੍ਰਭੂ ਦਾ ਸਿਮਰਨ ਅਤੇ ਪ੍ਰਭੂ ਦਾ ਗੁਣ ਗਾਇਨ ਕਰਨਾ। ਪ੍ਰਭੂ ਨਾਲ ਪਿਆਰ ਅਤੇ ਪ੍ਰਭੂ ਦਾ ਸਿਮਰਨ ਕਿਸ ਵਿਧੀ ਨਾਲ ਕਰਨਾ ਹੈ ਗੁਰੂ ਜੀ ਸਲੋਕ ਦੀ ਦੂਜੀ ਪੰਗਤੀ ਵਿੱਚ ਮੱਛੀ ਦੇ ਪਾਣੀ ਨਾਲ ਪ੍ਰੇਮ ਦੀ ਉਪਮਾ ਦੇ ਕੇ ਸਮਝਾਉਂਦੇ ਹਨ ਕਿ ਕਿਵੇਂ ਮੱਛੀ ਪਾਣੀ ਨਾਲ ਪਿਆਰ ਕਰਦੀ ਹੈ ਅਤੇ ਪਾਣੀ ਤੋਂ ਬਾਹਰ ਆਉਣ ਉੱਤੇ ਆਪਣਾ ਜੀਵਨ ਹੀ ਤਿਆਗ ਦਿੰਦੀ ਹੈ। ਐ ਮਨੁੱਖ ਤੂੰ ਪ੍ਰਭੂ ਨਾਲ ਪਿਆਰ ਕਰਨ ਦੀ ਸਿੱਖਿਆ ਮੱਛੀ ਤੋਂ ਲੈ।

ਇੱਥੇ ਵਿਚਾਰਨ ਵਾਲੀ ਗੱਲ ਇਹ ਹੈ ਕਿ ਪਾਣੀ ਦੇ ਵਿੱਚ ਹੋਰ ਵੀ ਅਨੇਕਾਂ ਜੀਵ ਹਨ। ਮੁੱਖ ਤੌਰ 'ਤੇ ਕੱਛੂਕੰਮਾ, ਡੱਡੂ, ਜੋਕਾਂ, ਮਗਰ ਮੱਛ, ਦਰਿਆਈ ਘੋੜਾ ਅਤੇ ਪਾਣੀ ਦੇ ਸੱਪ ਆਦਿ। ਇਹ ਜੀਵ ਪਾਣੀ ਤੋਂ ਬਾਹਰ ਆ ਕੇ ਵੀ ਜਿੰਦਾ ਰਹਿ ਲੈਂਦੇ ਹਨ, ਪਰ ਮੱਛੀ ਨਹੀਂ। ਮੱਛੀ ਦਾ ਸਮੁੱਚਾ ਜੀਵਨ ਪਾਣੀ ਉੱਤੇ ਹੀ ਨਿਰਭਰ ਹੁੰਦਾ ਹੈ। ਉਹ ਪਾਣੀ ਵਿੱਚ ਹੀ ਪੈਦਾ ਹੁੰਦੀ ਹੈ, ਪਾਣੀ ਵਿੱਚ ਹੀ ਪਲਦੀ ਹੈ, ਪਾਣੀ ਵਿੱਚ ਹੀ ਖਾਂਦੀ ਪੀਂਦੀ ਹੈ, ਪਾਣੀ ਵਿੱਚ ਹੀ ਸਾਹ ਅੰਦਰ ਨੂੰ ਲੈਂਦੀ ਅਤੇ ਬਾਹਰ ਕੱਢਦੀ ਹੈ, ਪਾਣੀ ਵਿੱਚ ਹੀ ਸੌਂਦੀ ਤੇ ਜਾਗਦੀ ਹੈ, ਪਾਣੀ ਵਿੱਚ ਹੀ ਅਠਖੇਲੀਆਂ ਕਰਦੀ ਹੈ ਖੇਡਦੀ ਹੈ, ਪਾਣੀ ਵਿੱਚ ਹੀ ਘੁੰਮਦੀ ਫਿਰਦੀ ਹੈ, ਉਸ ਦਾ ਗ੍ਰਹਿਸਤ ਜੀਵਨ ਵੀ ਪਾਣੀ ਵਿੱਚ ਹੀ ਹੈ। ਪਾਣੀ ਤੋਂ ਬਾਹਰ ਆ ਕੇ ਜਾਂ ਪਾਣੀ ਤੋਂ ਵੱਖ ਹੋ ਕੇ ਘੜੀ ਪਲ ਵਿੱਚ ਹੀ ਆਪਣਾ ਜੀਵਨ ਤਿਆਗ ਦਿੰਦੀ ਹੈ। ਗੁਰੂ ਜੀ ਮੱਛੀ ਦੇ ਪਾਣੀ ਨਾਲ ਪ੍ਰੇਮ ਦੀ ਮਿਸਾਲ ਦੇ ਕੇ ਮਨੁੱਖ ਨੂੰ ਸਮਝਾਉਂਦੇ ਹਨ ਕਿ ਐ ਮਨੁੱਖ ਤੈਨੂੰ ਇਹ ਜੋ ਮਨੁੱਖਾ ਜਨਮ ਮਿਲਿਆ ਹੈ ਇਸ ਦਾ ਲਾਭ ਲੈਂਦਿਆਂ ਆਪਣੇ ਮੂਲ ਨਾਲ ਮਿਲਣ ਦਾ ਜਤਨ ਕਰ। ਕਿਸੇ ਹੋਰ ਜੂਨ ਵਿੱਚ ਪੈ ਕੇ ਇਹ ਲਾਭ ਨਹੀਂ ਲਿਆ ਜਾਣਾ। ਇਸ ਲਈ ਮਨੁੱਖਾ ਜਨਮ ਵਿੱਚ ਰਹਿੰਦਿਆਂ ਸਾਰੇ ਮਨੁੱਖੀ ਕਾਰਜ ਕਰਦੇ ਹੋਇਆਂ ਆਪਣੇ ਮੂਲ ਨਾਲ ਇੰਝ ਜੁੜ ਕੇ ਰਹਿ ਜਿਵੇਂ ਮੱਛੀ ਪਾਣੀ ਨਾਲ ਜੁੜ ਕੇ ਰਹਿੰਦੀ ਹੈ। ਸਲੋਕ ਨੰ: 5 ਵਿੱਚ ਮਨੁੱਖ ਨੂੰ ਹੋਰ ਸਮਝਾਉਂਦੇ ਹੋਇਆਂ ਗੁਰੂ ਜੀ ਲਿਖਦੇ ਹਨ :

''ਧਨ ਦਾਰਾ ਸੰਪਤਿ ਸਗਲ ਜਿਨਿ ਅਪੁਨੀ ਕਰਿ ਮਾਨਿ॥
ਇਨ ਮੇ ਕਛੁ ਸੰਗੀ ਨਹੀ ਨਾਨਕ ਸਾਚੀ ਜਾਨਿ ॥''ਸ਼੍ਰੀ ਗੁਰੂ ਗ੍ਰੰਥ ਸਾਹਿਬ ਅੰਗ 1426

ਦਾਰਾ = ਪਤਨੀ. ਸੰਪਤਿ = ਦੌਲਤ/ਜਾਇਦਾਦ, ਸੰਗੀ = ਸਾਥੀ। ਗੁਰੂ ਜੀ ਆਪਣੇ ਇਸ ਸਲੋਕ ਵਿੱਚ ਮਨੁੱਖ ਨੂੰ ਸਮਝਾਣਾ ਕਰਦੇ ਹੋਏ ਆਖਦੇ ਹਨ ਕਿ ਜੋ ਮਨੁੱਖ ਮਾਇਆ ਜਾਂ ਪੈਸੇ ਨੂੰ, ਪਤਨੀ ਅਤੇ ਜਾਇਦਾਦ ਨੂੰ ਆਪਣੀ ਕਰਕੇ ਮੰਨਦਾ ਰਹਿੰਦਾ ਹੈ ਉਹ ਇਹ ਗੱਲ ਜਾਣ ਲਵੇ ਕਿ ਇਨ੍ਹਾਂ ਵਿੱਚੋਂ ਕਿਸੇ ਵਸਤੂ ਨੇ ਵੀ ਅੰਤ ਸਮੇਂ ਨਾਲ ਨਹੀਂ ਜਾਣਾ। ਇਨ੍ਹਾਂ ਵਿੱਚੋਂ ਕੋਈ ਵੀ ਵਸਤੂ ਸਥਿਰ ਨਹੀਂ ਹੈ। ਤਾਂ ਫਿਰ ਅੰਤ ਸਮੇਂ ਮਨੁੱਖ ਦੇ ਨਾਲ ਕੀ ਜਾਣਾ ਹੈ ਅਤੇ ਸਥਿਰ ਕੀ ਹੈ? ਉਸ ਦਾ ਵਿਖਿਆਨ ਗੁਰੂ ਜੀ ਹੇਠ ਲਿਖੇ ਸਲੋਕ ਵਿੱਚ ਕਰਦੇ ਹਨ:

''ਨਾਮ ਰਹਿਓ ਸਾਧੁ ਰਹਿਓ ਰਹਿਓ ਗੁਰੁ ਗੋਬਿੰਦੁ॥

# ਸੁਪਰੀਮ ਕੋਰਟ ਨੇ ਜੰਮੂ-ਕਸ਼ਮੀਰ ਨੂੰ ਵਿਸ਼ੇਸ਼ ਦਰਜਾ ਦੇਣ ਵਾਲੀ ਧਾਰਾ 370 ਰੱਦ ਕਰਨ ਦਾ ਫ਼ੈਸਲਾ ਬਰਕਰਾਰ ਰੱਖਿਆ



**ਨਵੀਂ ਦਿੱਲੀ -** 11 ਦਸੰਬਰ ਨੂੰ ਸੁਪਰੀਮ ਕੋਰਟ ਨੇ ਜੰਮੂ-ਕਸ਼ਮੀਰ ਨੂੰ ਵਿਸ਼ੇਸ਼ ਦਰਜਾ ਦੇਣ ਵਾਲੀ ਧਾਰਾ 370 ਨੂੰ ਖ਼ਤਮ ਕਰਨ ਦੇ ਸਰਕਾਰ ਦੇ ਫ਼ੈਸਲੇ ਨੂੰ ਬਰਕਰਾਰ ਰੱਖਿਆ ਅਤੇ ਕਿਹਾ ਕਿ ਅਗਲੇ ਸਾਲ 30 ਸਤੰਬਰ 2024 ਤੱਕ ਵਿਧਾਨ ਸਭਾ ਚੋਣਾਂ ਕਰਵਾਉਣ ਲਈ ਕਦਮ ਚੁੱਕੇ ਜਾਣ।

ਚੀਫ਼ ਜਸਟਿਸ ਡੀਵਾਈ ਚੰਦਰਚੂੜ ਦੀ ਅਗਵਾਈ ਹੇਠਲੇ ਸੰਵਿਧਾਨ ਬੈਂਚ ਵਿੱਚ ਜਸਟਿਸ ਬੀਆਰ ਗਵਈ ਜਸਟਿਸ ਸੂਰਿਆ ਕਾਂਤ, ਜਸਟਿਸ ਸੰਜੇ ਕਿਸ਼ਨ ਕੌਲ ਤੇ ਜਸਟਿਸ ਸੰਜੀਵ ਖੰਨਾ ਸ਼ਾਮਲ ਸਨ। ਬੈਂਚ ਵੱਲੋਂ ਚੀਫ਼ ਜਸਟਿਸ ਨੇ ਫ਼ੈਸਲਾ ਸੁਣਾਉਂਦੇ ਹੋਏ ਕਿਹਾ ਕਿ ਸੰਵਿਧਾਨ ਦੀ ਧਾਰਾ 370 ਅਸਥਾਈ ਵਿਵਸਥਾ ਸੀ ਅਤੇ ਰਾਸ਼ਟਰਪਤੀ ਕੋਲ ਇਸ ਨੂੰ ਰੱਦ ਕਰਨ ਦਾ ਅਧਿਕਾਰ ਹੈ।

ਸਿਖਰਲੀ ਅਦਾਲਤ ਨੇ ਕੇਂਦਰ ਸ਼ਾਸਿਤ ਪ੍ਰਦੇਸ਼ ਲੱਦਾਖ ਨੂੰ ਜੰਮੂ-ਕਸ਼ਮੀਰ ਤੋਂ ਵੱਖ ਕਰਨ ਦੇ ਅਗਸਤ 2019 ਦੇ ਫ਼ੈਸਲੇ ਦੀ ਵੈਧਤਾ ਨੂੰ ਵੀ ਬਰਕਰਾਰ ਰੱਖਿਆ। ਜਸਟਿਸ ਚੰਦਰਚੂੜ ਨੇ ਕਿਹਾ ਕਿ ਜੰਮੂ-ਕਸ਼ਮੀਰ ਦੇ ਪੁਰਾਣੇ ਰਾਜ ਦੀ ਦੇਸ਼ ਦੇ ਦੂਜੇ ਰਾਜਾਂ ਦੇ ਉਲਟ ਅੰਦਰੂਨੀ ਪ੍ਰਭੂਸੱਤਾ ਨਹੀਂ ਸੀ।

ਸੁਪਰੀਮ ਕੋਰਟ ਦੇ ਆਏ ਫ਼ੈਸਲੇ ਤੋਂ ਬਾਅਦ ਸ੍ਰੀਨਗਰ ਤੋਂ ਨੈਸ਼ਨਲ ਕਾਨਫ਼ਰੰਸ (ਐਨਸੀ) ਦੇ ਮੀਤ ਪ੍ਰਧਾਨ ਉਮਰ ਅਬਦੁੱਲਾ ਨੇ ਕਿਹਾ ਕਿ ਸੰਵਿਧਾਨ ਦੀ ਧਾਰਾ 370 ਦੀਆਂ ਵਿਵਸਥਾਵਾਂ ਨੂੰ ਰੱਦ ਕਰਨ ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ 'ਤੇ ਸੁਪਰੀਮ ਕੋਰਟ ਦੇ ਫ਼ੈਸਲੇ ਤੋਂ ਉਹ ਨਿਰਾਸ਼ ਹਨ ਪਰ ਹੌਸਲਾ ਕਾਇਮ ਹੈ। ਅਬਦੁੱਲਾ ਨੇ ਸੋਸ਼ਲ ਮੀਡੀਆ ਪਲੇਟਫ਼ਾਰਮ 'ਐਕਸ' 'ਤੇ ਪੋਸਟ 'ਚ ਕਿਹਾ ਕਿ ਨਿਰਾਸ਼ ਹਾਂ ਪਰ ਹੌਸਲਾ ਬਰਕਰਾਰ ਹੈ। ਸੰਘਰਸ਼ ਜਾਰੀ ਰਹੇਗਾ।ਭਾਜਪਾ ਨੂੰ ਧਾਰਾ 370 ਦੀਆਂ ਵਿਵਸਥਾਵਾਂ ਨੂੰ ਖ਼ਤਮ ਕਰਨ 'ਚ ਦਹਾਕੇ ਲੱਗ ਗਏ ਅਤੇ ਉਹ ਲੰਬੀ ਲੜਾਈ ਲਈ ਵੀ ਤਿਆਰ ਹਨ।

ਜਦੋਂ ਕਿ ਸ੍ਰੀਨਗਰ ਤੋਂ ਧਾਰਾ 370 ਬਾਰੇ ਆਏ ਸੁਪਰੀਮ ਕੋਰਟ ਦੇ ਫ਼ੈਸਲੇ ਤੋਂ ਬਾਅਦ ਪੀਡੀਪੀ ਦੀ ਮੁਖੀ ਤੇ ਸਾਬਕਾ ਮੁੱਖ ਮੰਤਰੀ ਮਹਿਬੂਬਾ ਮੁਫ਼ਤੀ ਨੇ ਕਿਹਾ ਕਿ ਜੰਮੂ-ਕਸ਼ਮੀਰ ਦੇ ਲੋਕ ਹਾਰ ਨਹੀਂ ਮੰਨਣਗੇ। ਉਨ੍ਹਾਂ ਕਿਹਾ ਕਿ ਇਹ ਮਾਣ-ਸਨਮਾਨ ਲਈ ਲੜਾਈ ਜਾਰੀ ਰਹੇਗੀ।

# ਕਰਜ਼ਾ ਮੁਆਫ਼ੀ ਬਾਰੇ ਇਸ਼ਤਿਹਾਰਾਂ ਤੋਂ ਲੋਕ ਸਾਵਧਾਨ ਰਹਿਣ - ਆਰਬੀਆਈ

**ਮੁੰਬਈ -** ਭਾਰਤੀ ਰਿਜ਼ਰਵ ਬੈਂਕ (ਆਰਬੀਆਈ) ਨੇ 11 ਦਸੰਬਰ ਨੂੰ ਪ੍ਰਿੰਟ ਮੀਡੀਆ ਦੇ ਨਾਲ-ਨਾਲ ਸੋਸ਼ਲ ਮੀਡੀਆ ਪਲੇਟਫ਼ਾਰਮਾਂ 'ਤੇ ਕਰਜ਼ਾ ਮੁਆਫ਼ੀ ਦੀਆਂ ਪੇਸ਼ਕਸ਼ਾਂ ਨਾਲ ਸਬੰਧਿਤ ਗੁੰਮਰਾਹਕੁੰਨ ਇਸ਼ਤਿਹਾਰਾਂ ਤੋਂ ਲੋਕਾਂ ਨੂੰ ਸਾਵਧਾਨ ਕੀਤਾ ਹੈ। ਆਰਬੀਆਈ ਵੱਲੋਂ ਜਾਰੀ ਬਿਆਨ ਅਨੁਸਾਰ ਉਸ ਨੇ ਕਰਜ਼ਾ ਮੁਆਫ਼ੀ ਦੀ ਪੇਸ਼ਕਸ਼ ਕਰਕੇ ਕਰਜ਼ਦਾਰਾਂ ਨੂੰ ਲੁਭਾਉਣ ਵਾਲੇ ਕੁੱਝ ਗੁੰਮਰਾਹਕੁੰਨ ਇਸ਼ਤਿਹਾਰਾਂ ਦਾ ਨੋਟਿਸ ਲਿਆ ਹੈ। ਇਹ ਸੰਸਥਾਵਾਂ ਪ੍ਰਿੰਟ ਮੀਡੀਆ ਦੇ ਨਾਲ-ਨਾਲ ਸੋਸ਼ਲ ਮੀਡੀਆ ਪਲੇਟਫ਼ਾਰਮਾਂ 'ਤੇ ਵੀ ਅਜਿਹੀਆਂ ਕਈ ਮੁਹਿੰਮਾਂ ਦਾ ਸਰਗਰਮੀ ਨਾਲ ਪ੍ਰਚਾਰ ਕਰ ਰਹੀਆਂ ਹਨ। ਅਜਿਹੀਆਂ ਰਿਪੋਰਟਾਂ ਵੀ ਹਨ ਕਿ ਅਜਿਹੀਆਂ ਸੰਸਥਾਵਾਂ ਬਿਨਾਂ ਕਿਸੇ ਅਧਿਕਾਰ ਦੇ ਕਰਜ਼ਾ ਮੁਆਫ਼ੀ ਸਰਟੀਫਿਕੇਟ ਜਾਰੀ ਕਰਨ ਲਈ ਸੇਵਾ/ਕਾਨੂੰਨੀ ਫ਼ੀਸਾਂ ਵਸੂਲਦੀਆਂ ਹਨ। ਕੇਂਦਰੀ ਬੈਂਕ ਨੇ ਕਿਹਾ ਕਿ ਜਨਤਾ ਨੂੰ ਸਾਵਧਾਨ ਕੀਤਾ ਜਾਂਦਾ ਹੈ ਕਿ ਉਹ ਅਜਿਹੀਆਂ ਝੂਠੀਆਂ ਅਤੇ ਗੁੰਮਰਾਹਕੁੰਨ ਮੁਹਿੰਮਾਂ ਦਾ ਸ਼ਿਕਾਰ ਨਾ ਹੋਣ ਅਤੇ ਅਜਿਹੀਆਂ ਘਟਨਾਵਾਂ ਦੀ ਸੂਚਨਾ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਦੇਣ।

# ਵਰਲਡ ਸਿੱਖ ਪਾਰਲੀਮੈਂਟ ਵਿਸ਼ਵ ਭਰ 'ਚ ਸਿੱਖਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਸਰਗਰਮ





**ਵਾਸ਼ਿੰਗਟਨ ਡੀ.ਸੀ. -** ਵਰਲਡ ਸਿੱਖ ਪਾਰਲੀਮੈਂਟ (WSP) ਦੇ ਡੈਲੀਗੇਟਾਂ, ਜਿਸ ਵਿੱਚ ਸੰਯੁਕਤ ਰਾਸ਼ਟਰ (ਯੂ.ਐਨ.) ਅਤੇ ਗ਼ੈਰ-ਸਰਕਾਰੀ ਸੰਗਠਨ (ਐਨ.ਜੀ.ਓ.) ਕੌਂਸਲ ਦੇ ਨੁਮਾਇੰਦੇ ਸ਼ਾਮਲ ਸਨ, ਦੁਆਰਾ ਇੱਥੇ ਆਯੋਜਿਤ ਇੱਕ ਅਹਿਮ ਮੀਟਿੰਗ ਵਿੱਚ ਸਿੱਖਾਂ ਦੀ ਸੁਰੱਖਿਆ ਤੇ ਵਿਸ਼ਵ ਪੱਧਰ 'ਤੇ ਸਿੱਖਾਂ ਦੀ ਭਲਾਈ ਪ੍ਰਤੀ ਵਚਨਬੱਧਤਾ ਪ੍ਰਗਟਾਈ ਗਈ। 7 ਦਸੰਬਰ 2023 ਨੂੰ ਵਾਸ਼ਿੰਗਟਨ ਡੀ.ਸੀ. ਵਿਖੇ ਸ. ਬਲਵਿੰਦਰ ਸਿੰਘ ਚੱਠਾ ਅਤੇ ਸ. ਊਧਮ ਸਿੰਘ ਨੇ WSP ਦੀ ਨੁਮਾਇੰਦਗੀ ਕਰਦੇ ਹੋਏ, ਸੰਯੁਕਤ ਰਾਸ਼ਟਰ ਅਤੇ NGO ਕੌਂਸਲ ਦੇ ਡੈਲੀਗੇਟਾਂ ਦੇ ਸਮੇਤ ਯੂਐਸ ਕਾਂਗਰਸ ਵਿਖੇ ਵਿਸ਼ਵ ਭਰ 'ਚ ਸਿੱਖਾਂ ਦੀ ਸੁਰੱਖਿਆ ਅਤੇ ਭਲਾਈ ਦੀ ਵਕਾਲਤ ਕਰਨ ਲਈ ਇੰਨਾ ਮਹੱਤਵਪੂਰਨ ਅਮਰੀਕੀ ਸਰਕਾਰ ਦੇ ਸਮਾਗਮਾਂ ਵਿੱਚ ਸਰਗਰਮੀ ਨਾਲ ਹਿੱਸਾ ਲਿਆ।

ਸੈਨੇਟ ਵਿੱਚ ਅੰਤਰ-ਰਾਸ਼ਟਰੀ ਦਮਨ ਬਿੱਲ (ਟਰਾਂਸ ਨੈਸ਼ਨਲ ਰਿਪਰੈਸ਼ਨ TNR) ਦੀ ਸੁਣਵਾਈ ਵਿੱਚ ਵਰਲਡ ਸਿੱਖ ਪਾਰਲੀਮੈਂਟ ਦੇ ਨੁਮਾਇੰਦਿਆਂ ਦੀ ਸ਼ਮੂਲੀਅਤ ਨੇ ਅੰਤਰ-ਰਾਸ਼ਟਰੀ ਪੱਧਰ 'ਤੇ ਸਰਕਾਰੀ ਜ਼ੁਲਮ ਦਾ ਮੁਕਾਬਲਾ ਕਰਨ ਵਾਲੇ ਸੰਵਿਧਾਨਕ ਤਰੀਕਿਆਂ ਦੀ ਵਕਾਲਤ ਕਰਨ ਲਈ ਸਮੂਹਿਕ ਤੌਰ 'ਤੇ ਸਮਰਪਣ ਦੀ ਭਾਵਨਾ ਨਾਲ ਕੰਮ ਕਰਨ ਲਈ ਆਪਣੀ ਵਚਨਬੱਧਤਾ ਨੂੰ ਦੁਹਰਾਇਆ।

ਇਸ ਸਾਂਝੇ ਯਤਨ ਨੇ ਅਜਿਹੇ ਮਾਮਲਿਆਂ ਨੂੰ ਹੱਲ ਕਰਨ ਅਤੇ ਰੋਕਣ ਦੀ ਫ਼ੌਰੀ ਲੋੜ 'ਤੇ ਜ਼ੋਰ ਦਿੱਤਾ, ਜਿੱਥੇ ਵਿਅਕਤੀਆਂ ਨੂੰ ਅੰਤਰਰਾਸ਼ਟਰੀ ਸਰਹੱਦਾਂ ਤੋਂ ਪਾਰ ਦਮਨ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਤੋਂ ਇਲਾਵਾ ਅੰਤਰਰਾਸ਼ਟਰੀ ਧਾਰਮਿਕ ਸੁਤੰਤਰਤਾ ਸਮਾਗਮ ਵਿੱਚ ਉਨ੍ਹਾਂ ਦੀ ਭਾਗੀਦਾਰੀ ਨੇ ਸਿੱਖਾਂ, ਖ਼ਾਸ ਤੌਰ 'ਤੇ ਭਾਰਤ ਦੇ ਵਾਲੇ ਪੰਜਾਬ ਵਿੱਚ ਵੱਡੇ ਪੱਧਰ 'ਤੇ ਹੋਏ ਅੱਤਿਆਚਾਰ ਅਤੇ ਵਿਤਕਰੇ ਬਾਰੇ ਵੀ ਚਾਨਣਾ ਪਾਇਆ। ਯੂਐਸ ਸਟੇਟ ਡਿਪਾਰਟਮੈਂਟ ਦੇ IRF ਰਾਜਦੂਤ ਤੋਂ ਰਿਪੋਰਟਾਂ ਦੀ ਸਪੁਰਦਗੀ ਦੁਆਰਾ, ਉਨ੍ਹਾਂ ਨੇ ਵਿਸ਼ਵ-ਵਿਆਪੀ ਜਾਗਰੂਕਤਾ ਅਤੇ ਕਾਰਵਾਈ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਸਿੱਖਾਂ ਨੂੰ ਦਰਪੇਸ਼ ਚੁਣੌਤੀਆਂ ਅਤੇ ਮੁਸੀਬਤਾਂ ਵੱਲ ਧਿਆਨ ਦਿਵਾਇਆ।

ਸਿੱਖ ਨੁਮਾਇੰਦਿਆਂ ਨੇ ਕਈ ਘਟਨਾਵਾਂ ਬਾਰੇ ਗੱਲ ਕੀਤੀ ਜਿੱਥੇ ਸਿੱਖਾਂ ਨੂੰ ਵਿਸ਼ਵ ਪੱਧਰ 'ਤੇ ਭਾਰਤ ਦੁਆਰਾ ਕੀਤੇ ਗਏ ਅੰਤਰ-ਰਾਸ਼ਟਰੀ ਜਬਰ ਦਾ ਸਾਹਮਣਾ ਕਰਨਾ ਪਿਆ ਹੈ। ਇਸ ਸਾਂਝੇ ਯਤਨ ਨੇ ਅੰਤਰਰਾਸ਼ਟਰੀ ਪੱਧਰ ਉੱਤੇ ਧਿਆਨ ਅਤੇ ਦਖ਼ਲ ਦੀ ਲੋੜ 'ਤੇ ਜ਼ੋਰ ਦਿੰਦੇ ਹੋਏ ਸਿੱਖਾਂ ਨੂੰ ਦਰਪੇਸ਼ ਸਰਹੱਦ-ਪਾਰ ਦੇ ਦਮਨ ਦੇ ਵਿਆਪਕ ਮੁੱਦੇ ਨੂੰ ਉਜਾਗਰ ਕਰਨ ਵਿੱਚ ਮਦਦ ਕੀਤੀ।

ਇਨ੍ਹਾਂ ਸਮਾਗਮਾਂ ਵਿੱਚ WSP ਦੇ ਮੈਂਬਰਾਂ, ਸੰਯੁਕਤ ਰਾਸ਼ਟਰ ਦੇ ਡੈਲੀਗੇਟਾਂ ਅਤੇ NGO ਕੌਂਸਲ ਦੇ ਨੁਮਾਇੰਦਿਆਂ ਦੀ ਸਾਂਝੀ ਸ਼ਮੂਲੀਅਤ ਵਿਸ਼ਵ ਭਰ ਵਿੱਚ ਸਿੱਖਾਂ ਦੇ ਅਧਿਕਾਰਾਂ ਅਤੇ ਸੁਰੱਖਿਆ ਦੀ ਵਕਾਲਤ ਕਰਨ ਲਈ ਉਨ੍ਹਾਂ ਵੱਲੋਂ ਸਮਰਪਿਤ ਹੋ ਕੇ ਕੀਤੇ ਜਾ ਰਹੇ ਕੰਮਾਂ ਨੂੰ ਦਰਸਾਉਂਦੀ ਹੈ। ਜਿਸ ਨਾਲ ਕੇ WSP ਦੇ ਸਿੱਖ ਨੁਮਾਇੰਦੇ ਇਹ ਯਕੀਨੀ ਬਣਾਉਣ ਦੀ ਹਮੇਸ਼ਾ ਕੋਸ਼ਿਸ਼ ਕਰਦੇ ਹਨ ਕਿ ਸਿੱਖ ਕੌਮ ਦੀਆਂ ਆਵਾਜ਼ ਅਤੇ ਸਮੱਸਿਆਵਾਂ ਨੂੰ ਵਿਸ਼ਵ ਪੱਧਰ 'ਤੇ ਸੁਣਿਆ ਅਤੇ ਹੱਲ ਕੀਤਾ ਜਾਵੇ।

**ਜਾਰੀ ਕਰਤਾ - ਮਨਪ੍ਰੀਤ ਸਿੰਘ (ਜਰਨਲ ਸਕੱਤਰ-ਵਰਲਡ ਸਿੱਖ ਪਾਰਲੀਮੈਂਟ)**

Place Your Ad
09 2504844, 021121 7492




# ਕਰਜ਼ਾ ਮੁਆਫ਼ੀ ਬਾਰੇ ਇਸ਼ਤਿਹਾਰਾਂ ਤੋਂ ਲੋਕ ਸਾਵਧਾਨ ਰਹਿਣ – ਆਰਬੀਆਈ

**ਮੁੰਬਈ –** ਭਾਰਤੀ ਰਿਜ਼ਰਵ ਬੈਂਕ (ਆਰਬੀਆਈ) ਨੇ 11 ਦਸੰਬਰ ਨੂੰ ਪ੍ਰਿੰਟ ਮੀਡੀਆ ਦੇ ਨਾਲ-ਨਾਲ ਸੋਸ਼ਲ ਮੀਡੀਆ ਪਲੇਟਫ਼ਾਰਮਾਂ ’ਤੇ ਕਰਜ਼ਾ ਮੁਆਫ਼ੀ ਦੀਆਂ ਪੇਸ਼ਕਸ਼ਾਂ ਨਾਲ ਸਬੰਧਿਤ ਗੁੰਮਰਾਹਕੁੰਨ ਇਸ਼ਤਿਹਾਰਾਂ ਤੋਂ ਲੋਕਾਂ ਨੂੰ ਸਾਵਧਾਨ ਕੀਤਾ ਹੈ। ਆਰਬੀਆਈ ਵੱਲੋਂ ਜਾਰੀ ਬਿਆਨ ਅਨੁਸਾਰ ਉਸ ਨੇ ਕਰਜ਼ਾ ਮੁਆਫ਼ੀ ਦੀ ਪੇਸ਼ਕਸ਼ ਕਰਕੇ ਕਰਜ਼ਦਾਰਾਂ ਨੂੰ ਲੁਭਾਉਣ ਵਾਲੇ ਕੁੱਝ ਗੁੰਮਰਾਹਕੁੰਨ ਇਸ਼ਤਿਹਾਰਾਂ ਦਾ ਨੋਟਿਸ ਲਿਆ ਹੈ। ਇਹ ਸੰਸਥਾਵਾਂ ਪ੍ਰਿੰਟ ਮੀਡੀਆ ਦੇ ਨਾਲ-ਨਾਲ ਸੋਸ਼ਲ ਮੀਡੀਆ ਪਲੇਟਫ਼ਾਰਮਾਂ ’ਤੇ ਵੀ ਅਜਿਹੀਆਂ ਕਈ ਮੁਹਿੰਮਾਂ ਦਾ ਸਰਗਰਮੀ ਨਾਲ ਪ੍ਰਚਾਰ ਕਰ ਰਹੀਆਂ ਹਨ। ਅਜਿਹੀਆਂ ਰਿਪੋਰਟਾਂ ਵੀ ਹਨ ਕਿ ਅਜਿਹੀਆਂ ਸੰਸਥਾਵਾਂ ਬਿਨਾਂ ਕਿਸੇ ਅਧਿਕਾਰ ਦੇ ਕਰਜ਼ਾ ਮੁਆਫ਼ੀ ਸਰਟੀਫਿਕੇਟ ਜਾਰੀ ਕਰਨ ਲਈ ਸੇਵਾ/ਕਾਨੂੰਨੀ ਫ਼ੀਸਾਂ ਵਸੂਲਦੀਆਂ ਹਨ। ਕੇਂਦਰੀ ਬੈਂਕ ਨੇ ਕਿਹਾ ਕਿ ਜਨਤਾ ਨੂੰ ਸਾਵਧਾਨ ਕੀਤਾ ਜਾਂਦਾ ਹੈ ਕਿ ਉਹ ਅਜਿਹੀਆਂ ਝੂਠੀਆਂ ਅਤੇ ਗੁੰਮਰਾਹਕੁੰਨ ਮੁਹਿੰਮਾਂ ਦਾ ਸ਼ਿਕਾਰ ਨਾ ਹੋਣ ਅਤੇ ਅਜਿਹੀਆਂ ਘਟਨਾਵਾਂ ਦੀ ਸੂਚਨਾ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਦੇਣ।

# ਉਘੇ ਪੰਜਾਬੀ-ਉਰਦੂ ਕਵੀ ਤੇ ਨਾਟਕਕਾਰ ਅਹਿਮਦ ਸਲੀਮ ਦਾ ਦੇਹਾਂਤ

**ਇਸਲਾਮਾਬਾਦ –** ਉਘੇ ਪੰਜਾਬੀ ਤੇ ਉਰਦੂ ਕਵੀ, ਨਾਟਕਕਾਰ, ਖੋਜਾਰਥੀ ਅਤੇ ਅੰਗਰੇਜ਼ੀ ਤੇ ਉਰਦੂ ਦੀਆਂ 175 ਤੋਂ ਵੱਧ ਪੁਸਤਕਾਂ ਦੇ ਲੇਖਕ ਅਹਿਮਦ ਸਲੀਮ (77) ਦਾ 11 ਦਸੰਬਰ ਨੂੰ ਦੇਹਾਂਤ ਹੋ ਗਿਆ। ਉਹ ਕੁੱਝ ਦਿਨਾਂ ਤੋਂ ਬਿਮਾਰ ਸਨ।

ਸਾਲ 1945 ਵਿੱਚ ਮਿਆਨਾ ਗੌਂਡਲ ਦੇ ਮੰਡੀ ਬਹਾਊਦੀਨ ਇਲਾਕੇ ’ਚ ਜਨਮੇ ਅਹਿਮਦ ਸਲੀਮ ਨੈਸ਼ਨਲ ਅਵਾਮੀ ਪਾਰਟੀ ਤੇ ਪਾਕਿਸਤਾਨ ਕਮਿਊਨਿਸਟ ਪਾਰਟੀ ਦੇ ਵੀ ਮੈਂਬਰ ਸਨ। ਉਨ੍ਹਾਂ ਸ਼ੇਖ ਅਯਾਜ਼ ਦੀਆਂ ਕਵਿਤਾਵਾਂ ਦੀਆਂ ਦੋ ਪੁਸਤਕਾਂ ਅਨੁਵਾਦ ਕੀਤੀਆਂ। ਉਨ੍ਹਾਂ ਨੂੰ ਲਾਹੌਰ ਦੇ ਮਿਆਨੀ ਕਬਰਸਤਾਨ ’ਚ ਸਪੁਰਦ-ਏ-ਖ਼ਾਕ ਕੀਤਾ ਗਿਆ।



# ਸੈਕਰਾਮੈਂਟੋ ਦੇ ਲਾਗਲੇ ਸ਼ਹਿਰ ਗਾਲਟ ਸਿਟੀ ਦੇ ਪਰਗਟ ਸਿੰਘ ਸੰਧੂ ਦੂਜੀ ਵਾਰ ਮੇਅਰ ਬਣੇ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ) –** 16 ਦਸੰਬਰ ਦੀ ਖ਼ਬਰ ਅਨੁਸਾਰ ਸਥਾਨਕ ਸਿੱਖ ਆਗੂ ਪਰਗਟ ਸਿੰਘ ਸੰਧੂ ਨੂੰ ਸੈਕਰਾਮੈਂਟੋ ਦੇ ਲਾਗਲੇ ਸ਼ਹਿਰ ਗਾਲਟ ਸਿਟੀ ਦਾ ਮੇਅਰ ਚੁਣ ਲਿਆ ਗਿਆ ਹੈ, ਉਨ੍ਹਾਂ ਨੂੰ ਸਾਰੇ ਕੌਂਸਲ ਮੈਂਬਰਾਂ ਨੇ ਸਰਬਸੰਮਤੀ ਨਾਲ ਇਸ ਅਹੁਦੇ ’ਤੇ ਚੁਣਿਆ ਗਿਆ। ਪਰਗਟ ਸਿੰਘ ਸੰਧੂ ਪਿਛਲੇ ਲੰਮੇ ਸਮੇਂ ਤੋਂ ਅਮਰੀਕਨ ਸਿਆਸਤ ਵਿੱਚ ਸਰਗਰਮ ਹਨ। ਇਸ ਤੋਂ ਪਹਿਲਾਂ ਉਹ ਗਾਲਟ ਪਲੈਨਿੰਗ ਕਮਿਸ਼ਨ ਦੇ ਮੁਖੀ ਵੀ ਰਹਿ ਚੁੱਕੇ ਹਨ। ਇਸ ਤੋਂ ਬਾਅਦ ਉਹ ਅਮਰੀਕਾ ਦੇ ਪਹਿਲੇ ਸਿੱਖ ਕੌਂਸਲ ਮੈਂਬਰ ਚੁਣੇ ਗਏ। ਫਿਰ ਗਾਲਟ ਸਿਟੀ ਦੇ ਮੇਅਰ ਦੇ ਅਹੁਦੇ ਤੱਕ ਪਹੁੰਚੇ।

ਪਰਗਟ ਸਿੰਘ ਸੰਧੂ ਸਥਾਨਕ ਭਾਈਚਾਰੇ ਵਿੱਚ ਕਾਫ਼ੀ ਸਤਿਕਾਰੇ ਜਾਂਦੇ ਹਨ। ਉਹ ਆਪਣੇ ਜਲੰਧਰ ਦੇ ਛੋਟੇ ਜਿਹੇ ਪਿੰਡ ਬਸ਼ੇਰਪੁਰ ਤੋਂ ਅਮਰੀਕਾ ਪਹੁੰਚੇ ਤੇ ਇੱਥੇ ਆ ਕੇ ਉਨ੍ਹਾਂ ਨੇ ਬਹੁਤ ਸਾਰੀਆਂ ਚੁਣੌਤੀਆਂ ਦਾ ਸਾਹਮਣਾ ਕੀਤਾ। ਉਨ੍ਹਾਂ ਅਮਰੀਕਾ ਵਿੱਚ ਰਹਿੰਦਿਆਂ 25 ਸਾਲ ਦੇ ਕਰੀਬ ਅਮਰੀਕਨ ਪੋਸਟ ਆਫ਼ਿਸ ਵਿੱਚ ਨੌਕਰੀ ਕੀਤੀ। ਨੌਕਰੀ ਤੋਂ ਰਿਟਾਇਰਮੈਂਟ ਲੈਣ ਉਪਰੰਤ ਉਹ ਅਮਰੀਕਨ ਰਾਜਨੀਤੀ ਵਿੱਚ ਕੁੱਦ ਪਏ ਅਤੇ ਉਨ੍ਹਾਂ ਕਦੇ ਵੀ ਹਾਰ ਦਾ ਮੂੰਹ ਨਹੀਂ ਦੇਖਿਆ।



ਪਹਿਲੀ ਵਾਰ ਉਹ ਦਸੰਬਰ 2019 ਵਿਚ ਗਾਲਟ ਸਿਟੀ ਦੇ ਮੇਅਰ ਨਿਯੁਕਤ ਕੀਤੇ ਗਏ ਸਨ। ਉਪਰੰਤ ਉਹ ਸਿਟੀ ਦੇ ਵਾਈਸ ਮੇਅਰ ਰਹੇ ਅਤੇ ਹੁਣ ਫਿਰ ਤੋਂ ਗਾਲਟ ਸਿਟੀ ਦੇ ਮੇਅਰ ਚੁਣੇ ਗਏ ਹਨ। ਪਰਗਟ ਸਿੰਘ ਸੰਧੂ ਗਾਲਟ ਸਿਟੀ ਤੋਂ ਇਲਾਵਾ ਸਿੱਖ ਭਾਈਚਾਰੇ ਦੀਆਂ ਗਤੀਵਿਧੀਆਂ ’ਚ ਵੀ ਵੱਧ-ਚੜ੍ਹ ਕੇ ਹਿੱਸਾ ਲੈਂਦੇ ਹਨ। ਉਹ ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ, ਸੈਕਰਾਮੈਂਟੋ ਅਤੇ ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ ਦੇ ਮੁੱਖ ਪ੍ਰਬੰਧਕ ਵੀ ਹਨ।

# ਮੁੱਖ ਮੰਤਰੀ ਪੰਜਾਬ ਵੱਲੋਂ ਉਘੇ ਕਲਾਕਾਰ ਸੋਭਾ ਸਿੰਘ ਦੀ ਜੀਵਨੀ ਰਿਲੀਜ਼

**ਚੰਡੀਗੜ੍ਹ, 18 ਦਸੰਬਰ –** ਮੁੱਖ ਮੰਤਰੀ ਪੰਜਾਬ ਸਰਦਾਰ ਭਗਵੰਤ ਸਿੰਘ ਮਾਨ ਨੇ ਅੱਜ ਪੰਜਾਬ ਭਵਨ ਚੰਡੀਗੜ੍ਹ ਵਿਖੇ ‘ਸੋਭਾ ਸਿੰਘ ਆਰਟਿਸਟ: ਲਾਈਫ ਐਂਡ ਲੀਗੇਸੀ’ ਕਿਤਾਬ ਰਿਲੀਜ਼ ਕੀਤੀ।



ਮੁੱਖ ਮੰਤਰੀ ਨੇ ਮਰਹੂਮ ਕਲਾਕਾਰ ਦੀ ਪਹਿਲੀ ਜੀਵਨੀ ਲਿਖਣ ਲਈ ਲੇਖਕ ਡਾ. ਹਿਰਦੇ ਪਾਲ ਸਿੰਘ ਨੂੰ ਕਲਾਕਾਰ ਦੀ ਬਹੁ-ਆਯਾਮੀ ਸ਼ਖ਼ਸੀਅਤ ਦਾ ਵੇਰਵਾ ਦੇਣ ਲਈ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਸੋਭਾ ਸਿੰਘ ਪੰਜਾਬ ਦਾ ਮਹਾਨ ਪੁੱਤਰ ਸੀ, ਜਿਨ੍ਹਾਂ ਨੇ ਧਾਰਮਿਕ ਵਿਸ਼ਿਆਂ, ਸੁਤੰਤਰਤਾ ਸੈਨਾਨੀਆਂ ਅਤੇ ਰਾਸ਼ਟਰੀ ਨਾਇਕਾਂ, ਕਬੀਲਿਆਂ ਅਤੇ ਲੈਂਡਸਕੇਪ ਆਦਿ ਵਿਸ਼ਿਆਂ ’ਤੇ ਆਪਣੀਆਂ ਸ਼ਾਨਦਾਰ ਪੇਂਟਿੰਗਾਂ ਰਾਹੀਂ ਪੰਜਾਬ, ਹਿਮਾਚਲ ਪ੍ਰਦੇਸ਼ ਅਤੇ ਰਾਸ਼ਟਰ ਦਾ ਨਾਮ ਰੌਸ਼ਨ ਕੀਤਾ। ਮੁੱਖ ਮੰਤਰੀ ਨੇ ਉਮੀਦ ਜ਼ਾਹਿਰ ਕੀਤੀ ਕਿ ਨਵੀਂ ਪੁਸਤਕ ਪ੍ਰਸ਼ੰਸਕਾਂ ਅਤੇ ਪੈਰੋਕਾਰਾਂ ਨੂੰ ਬਹੁਤ ਪ੍ਰਮਾਣਿਕ ਜਾਣਕਾਰੀ ਪ੍ਰਦਾਨ ਕਰੇਗੀ ਅਤੇ ਖੋਜਕਰਤਾਵਾਂ, ਕਲਾ ਦੇ ਵਿਦਿਆਰਥੀਆਂ, ਜਾਣਕਾਰਾਂ ਅਤੇ ਸੰਤ-ਕਲਾਕਾਰ ਬਾਰੇ ਹੋਰ ਜਾਣਨ ਦੀ ਇੱਛਾ ਰੱਖਣ ਵਾਲੇ ਆਮ ਲੋਕਾਂ ਲਈ ਬਹੁਤ ਲਾਹੇਵੰਦ ਹੋਵੇਗੀ।

29 ਨਵੰਬਰ 1901 ਨੂੰ ਗੁਰਦਾਸਪੁਰ ਦੇ ਸ੍ਰੀ ਹਰਗੋਬਿੰਦਪੁਰ ਵਿਖੇ ਜਨਮੇ ਇਸ ਕਲਾਕਾਰ ਨੇ ਕਾਂਗੜਾ ਘਾਟੀ ਦੇ ਕਲਾ ਪਿੰਡ ਅੰਦਰੇਟਾ ਵਿਖੇ 1947 ਤੋਂ 1986 ਤੱਕ ਰਚਨਾਤਮਿਕਤਾ ਦੇ ਚਾਰ ਦਹਾਕੇ ਬਿਤਾਏ। ਉਨ੍ਹਾਂ ਨੂੰ ਭਾਰਤ ਦੇ ਰਾਸ਼ਟਰਪਤੀ ਦੁਆਰਾ ‘ਪਦਮ ਸ਼੍ਰੀ’ ਨਾਲ ਸਨਮਾਨਿਤ ਕੀਤਾ ਗਿਆ ਸੀ। ਕੇਂਦਰੀ ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਨੇ ਉਨ੍ਹਾਂ ਦੇ 75ਵੇਂ ਜਨਮ ਦਿਨ ਦੀ ਯਾਦ ਵਿੱਚ ਇੱਕ ਦਸਤਾਵੇਜ਼ੀ ਫਿਲਮ “ਪੇਂਟਰ ਆਫ਼ ਪੀਪਲ” ਰਿਲੀਜ਼ ਕੀਤੀ। ਬੀ.ਬੀ.ਸੀ., ਲੰਡਨ ਨੇ ਵੀ ਉਨ੍ਹਾਂ ’ਤੇ ਡਾਕੂਮੈਂਟਰੀ ਬਣਾਈ। ਉਨ੍ਹਾਂ ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਡੀ.ਲਿਟ ਦੀ ਡਿਗਰੀ ਪ੍ਰਦਾਨ ਕੀਤੀ ਗਈ ਸੀ। ਉਨ੍ਹਾਂ ਦੀ ਜਨਮ ਸ਼ਤਾਬਦੀ ਦੌਰਾਨ ਭਾਰਤ ਸਰਕਾਰ ਨੇ ਉਨ੍ਹਾਂ ’ਤੇ ਇੱਕ ਯਾਦਗਾਰੀ ਡਾਕ ਟਿਕਟ ਜਾਰੀ ਕੀਤੀ।

ਲੋਕਾਂ ਦੇ ਇਸ ਹਰਮਨ ਪਿਆਰੇ ਚਿੱਤਰਕਾਰ ਦਾ 22 ਅਗਸਤ 1986 ਨੂੰ ਚੰਡੀਗੜ੍ਹ ਵਿਖੇ ਦਿਹਾਂਤ ਹੋ ਗਿਆ ਸੀ। ਪੰਜਾਬ ਭਵਨ ਵਿਖੇ ਪੁਸਤਕ ਰਿਲੀਜ਼ ਸਮਾਰੋਹ ਦੌਰਾਨ ਸਰਕਾਰ ਦੇ ਸੀਨੀਅਰ ਅਧਿਕਾਰੀਆਂ ਤੋਂ ਇਲਾਵਾ ਲੇਖਕ ਡਾ. ਹਿਰਦੇ ਪਾਲ ਸਿੰਘ ਅਤੇ ਉਨ੍ਹਾਂ ਦੀ ਧਰਮ ਪਤਨੀ ਸ੍ਰੀਮਤੀ ਕਮਲਜੀਤ ਕੌਰ, ਮੁੱਖ ਮੰਤਰੀ,ਹਿਮਾਚਲ ਪ੍ਰਦੇਸ਼ ਦੇ ਪ੍ਰਮੁੱਖ ਸਲਾਹਕਾਰ ਸ੍ਰੀ ਰਾਮ ਸੁਭਾਗ ਸਿੰਘ ਅਤੇ ਉਘੇ ਚਿੱਤਰਕਾਰ ਆਰ.ਐਮ.ਸਿੰਘ ਵੀ ਹਾਜ਼ਰ ਸਨ।

ਪੰਜਾਬੀ ਬੋਲੋ
ਪੰਜਾਬੀ ਪੜ੍ਹੋ
ਪੰਜਾਬੀ ਲਿਖੋ


## Matrimonial

**Looking For Girl**

31 Years Old Boy Looking for a Girl with reputed family background.
Height - 6' ft.
Working as a General Manager in a Golf Club. Current visa status is Accredited Employer Work Visa. Salary Package is $75,000/ year
Background: Kurukshetra, Haryana (India). Father is a businessman who owns Urban and Rural Property in India and mother is House-Wife
**Contac On: 027 364 2547**


# ਸੰਪਾਦਕੀ

## ਹੁਣ 2023 ਨੂੰ ਬਾਏ-ਬਾਏ ਕਹਿਣ ਦਾ ਸਮਾਂ.....!



ਅੱਜ ਦੇ ਜ਼ਮਾਨੇ ਵਿੱਚ ਸਮੇਂ ਦੀ ਗਤੀ ਨੂੰ ਰੋਕਣਾ ਔਖਾ ਹੁੰਦਾ ਜਾ ਰਿਹਾ ਹੈ। ਕਿਸੇ ਨੇ ਸੱਚ ਹੀ ਕਿਹਾ ਹੈ ਕਿ ਸਮਾਂ ਕਿਸੇ ਦੀ ਪੱਕੜ ’ਚ ਰਹਿੰਦਾ ਤੇ ਨਾ ਹੀ ਕੋਈ ਇਸ ਨੂੰ ਅੱਜ ਤੱਕ ਆਪਣੇ ਨਾਲ ਬੰਨ੍ਹ ਕੇ ਵੀ ਨਹੀਂ ਰੱਖ ਸਕਿਆ ਹੈ, ਕਿਉਂਕਿ ਸਮੇਂ ਦੇ ਚੱਕਰ ਨੇ ਤਾਂ ਆਪਣੀ ਰਫ਼ਤਾਰ ਨਾਲ ਚੱਲ ਦੇ ਹੀ ਰਹਿਣਾ ਹੈ, ਅਜੋਕਾ ਮਨੁੱਖ ਭਾਵੇਂ ਆਧੁਨਿਕ ਸਾਜੋ-ਸਮਾਨ ਨਾਲ ਸਮੇਂ ਦੀ ਰਫ਼ਤਾਰ ਵਿੱਚ ਤੇਜ਼ੀ ਲਿਆਉਣ ਵਿੱਚ ਪੂਰੀ ਵਾਹ ਲਾਈ ਜਾ ਰਿਹਾ ਹੈ ਪਰ ਜੇ ਤੁਸੀਂ ਧਿਆਨ ਨਾਲ ਵਿਚਾਰੋਂ ਤਾਂ ਤੇਜ਼ੀ ਸਮੇਂ ਦੀ ਰਫ਼ਤਾਰ ਵਿੱਚ ਨਹੀਂ ਆਈ ਸਗੋਂ ਮਨੁੱਖੀ ਜ਼ਿੰਦਗੀ ’ਚ ਵੱਧ ਰਹੇ ਸਾਧਨਾਂ ਤੇ ਰਹਿਣ-ਸਹਿਣ ਦੇ ਢੰਗ ਵਿੱਚ ਆਈ ਹੈ। ਆਪਣੀ ਫ਼ਿਤਰਤ ਮੁਤਾਬਿਕ ਜਿਸ ਨੂੰ ਮਨੁੱਖ ਸ਼ਾਇਦ ਮੰਨਣਾ ਨਹੀਂ ਚਾਹੁੰਦਾ। ਆਧੁਨਿਕ ਸਮੇਂ ਅੰਦਰ ਮਨੁੱਖ ਦੀ ਜ਼ਿੰਦਗੀ ’ਚ ਸਭ ਤੋਂ ਵੱਡੀ ਜੇ ਕੋਈ ਦਖ਼ਲ-ਅੰਦਾਜ਼ੀ ਵੇਖੀ ਗਈ ਹੈ ਤਾਂ ਉਹ ਹੈ ਤਕਨਾਲੋਜੀ ਦੀ ਹੀ ਹੈ। ਸਮਾਰਟ ਫੋਨਾਂ ਅਤੇ ਉਸ ਵਿੱਚ ਵਰਤੇ ਜਾਂਦੇ ਸੋਸ਼ਲ ਮੀਡੀਆ ਨੇ ਸਮੇਂ ਦੀ ਰਫ਼ਤਾਰ ਨੂੰ ਵਧਾਉਣ ਦੇ ਨਾ-ਨਾਲ ਅਜਿਹੀ ਤਬਦੀਲੀ ਲਿਆਉਂਦੀ ਹੈ ਕਿ ਮਨੁੱਖ ਨਾ ਚਾਹੁੰਦੇ ਵੀ ਇਨ੍ਹਾਂ ਸਭ ’ਚ ਖੁਬਿਆ ਪਿਆ ਹੈ। ਇਹ ਅਜਿਹੀ ਤਕਨੀਕ ਹੈ ਜਿਸ ਨੇ ਮਨੁੱਖੀ ਜ਼ਿੰਦਗੀ ਨੂੰ ਸਕੂਨ ਦੇਣ ਦੀ ਬਜਾਏ ਅਸ਼ਾਂਤ ਕੀਤਾ ਹੋਇਆ ਹੈ ਤੇ ਅੱਜਕੱਲ੍ਹ ਮਨੁੱਖ ਦਾ ਬਹੁਤਾ ਸਮਾਂ ਇਸੇ ’ਚ ਹੀ ਲੰਘ ਰਿਹਾ ਹੈ, ਛੋਟੇ ਤੋਂ ਲੈ ਕੇ ਬੁੱਢੇ ਤੱਕ ਸਾਰੇ ਹੀ ਇਸ ਦੇ ਗ਼ੁਲਾਮ ਹੋਏ ਪਏ ਹਨ। ਇੱਥੋਂ ਤੱਕ ਕੇ ਜੰਮਦੇ ਬੱਚੇ ਨੂੰ ਵੀ ਸਮਾਰਟ ਫ਼ੋਨ ਚਾਹੀਦਾ ਤਾਂ ਹੀ ਉਹ ਸ਼ਾਂਤ ਹੁੰਦਾ ਹੈ। ਹੁਣ ਤਾਂ ਆਲਮ ਇਹ ਹੈ ਕਿ ਮਨੁੱਖ ਨੂੰ ਇਨ੍ਹਾਂ ਦੇ ਬਿਨਾ ਨੀਂਦ ਨਹੀਂ ਆਉਂਦੀ ਤੇ ਉੱਠਣ ਸਾਰ ਹੀ ਇਸ ਵਿੱਚ ਹੀ ਗੜੂੰਦ ਹੋ ਜਾਂਦਾ ਹੈ। ਰਾਤ ਸੁੱਤੇ ਪਏ ਦਾ ਦਿਮਾਗ਼ ਸਮਾਰਟ ਫ਼ੋਨ ਵਾਂਗ ਚੱਲਦਾ ਰਹਿੰਦਾ ਹੈ। ਭਾਵੇਂ ਸਾਲਾ 2023 ਨੂੰ ਅਲਵਿਦਾ ਕਹਿਣ ਦਾ ਸਮਾਂ ਆ ਗਿਆ ਹੈ ਤੇ ਸਮਾਰਟ ਫ਼ੋਨ ਤੇ ਉਸ ਦੇ ਐਪਸ ਨਵੇਂ ਸਾਲ ਦੇ ਸੁਨੇਹਾਂ ਨਾਲ ਨੱਕੋ-ਨੱਕ ਭਰ ਜਾਣੇ ਹਨ, ਜਿਵੇਂ ਹਰ ਰੋਜ਼ ‘ਗੁੱਡ ਮਾਰਨਿੰਗ’ ਦੇ ਸੁਨੇਹਾਂ ਅਤੇ ‘ਟਿੱਕ-ਟੋਕ’ ਰਾਹੀ ਬਣ ਰਹੇ ਮਜ਼ਾਕਾਂ ਨਾਲ ਰੋਜ਼ਾਨਾ ਭਰਿਆ ਹੁੰਦਾ ਹੈ। ਇਨ੍ਹਾਂ ਰੁਝੇਵਿਆਂ ਦੇ ਨਾਲ ਦੁਨੀਆ ’ਚ ਤੇਜ਼ੀ ਨਾਲ ਹੋ ਰਹੀਆਂ ਘਟਨਾਵਾਂ ਨੇ ਵੀ ਮਨੁੱਖ ਨੂੰ ਪੜ੍ਹਨੇ ਪਾ ਰੱਖਿਆ ਹੈ। ਇਹ ਹੀ ਨਹੀਂ ਸਮਾਰਟ ਫ਼ੋਨ ਜਿੱਥੇ ਮਨੁੱਖੀ ਜ਼ਿੰਦਗੀ ਵਿੱਚ ਲਾਹੇਵੰਦ ਹੈ ਉੱਥੇ ਹੀ ਇਸ ਰਾਹੀ ਕਈ ਤਰ੍ਹਾਂ ਦੀਆਂ ਠੱਗੀਆਂ ਤੇ ਧੋਖਾਧੜੀ ਕੀਤੀ ਜਾ ਰਹੀ ਹੈ। ਹੈਕਰਸ ਤੁਹਾਡੇ ਸਮਾਰਟ ਫ਼ੋਨ ਰਾਹੀ ਤੁਹਾਡੀ ਨਿੱਜੀ ਜ਼ਿੰਦਗੀ ਵਿੱਚ ਦਖ਼ਲ ਦੇਣ ਦੇ ਨਾਲ ਨਾਲ ਵੱਡੀਆਂ-ਵੱਡੀਆਂ ਠੱਗੀਆਂ ਵੀ ਮਾਰ ਰਹੇ ਹਨ, ਸਿੱਧ ਪੱਧਰਾ ਇਨਸਾਨ ਇਨ੍ਹਾਂ ਹੈਕਰਾਂ ਦੇ ਹੱਥੇ ਚੜ੍ਹ ਕੇ ਧੰਨ ਗਵਾਉਣ ਦੇ ਨਾਲ ਚੈਨ ਵੀ ਗਵਾਈ ਜਾ ਰਿਹਾ ਹੈ। ਸਾਲ 2023 ਦੌਰਾਨ ਕੁੱਝ ਅਜਿਹਾ ਵਾਪਰ ਦਾ ਰਿਹਾ ਜਿਸ ਨਾਲ ਪੂਰੀ ਦੁਨੀਆ ਪ੍ਰਭਾਵਿਤ ਹੋ ਰਹੀ ਹੈ। ਜਿੱਥੇ ਰੂਸ ਤੇ ਯੂਕਰੇਨ ਜੰਗ ਜਾਰੀ ਰਹਿਣ ਦੇ ਕਾਰਣ ਦੁਨੀਆ ਭਰ ਵਿੱਚ ਵਸਤਾਂ ਦੀ ਕਮੀ ਤੇ ਕੀਮਤਾਂ ਵਾਧੇ ਨੇ ਹਰ ਦੇਸ਼ ਦੀ ਸਰਕਾਰ ਦੀ ਕਮਰ ਦੋਹਰੀ ਕੀਤੀ ਹੋਈ ਹੀ ਉੱਥੇ ਆਮ ਜਨਤਾ ਦਾ ਬੁਰਾ ਹਾਲ ਹੈ। ਸਰਕਾਰਾਂ ਆਰਥਿਕ ਮੰਦੀ ਨੂੰ ਮਹਿਸੂਸ ਤਾਂ ਕਰਦੀਆਂ ਹਨ ਪਰ ਮੰਦੀਆਂ ਨਹੀਂ ਹਨ। ਖਾਣ-ਪੀਣ ਦੀਆਂ ਕੀਮਤਾਂ ਤੋਂ ਲੈ ਕੇ ਵਿਆਜ ਦਰਾਂ ਨੇ ਦੁਨੀਆ ਭਰ ਦੇ ਮਨੁੱਖਾਂ ਦੀ ਕਮਰ ਤੋੜ ਰੱਖੀ ਹੈ। ਦੁਨੀਆ ਭਰ ’ਚ ਬੇਰੁਜ਼ਗਾਰੀ ਇੱਕ ਵੱਡਾ ਮੁੱਦਾ ਬਣਦਾ ਜਾ ਰਿਹਾ ਹੈ, ਛੋਟੇ ਕਾਰੋਬਾਰਾਂ ਬਹੁਤੇ ਕਰਕੇ ਬੰਦ ਹੋ ਰਹੇ ਹਨ ਜਾਂ ਕਾਰੋਬਾਰੀ ਦੁਰਦਸ਼ਾ ਦੀ ਮਾਰ ਸਹਿ ਰਹੇ ਹਨ। ਇਜ਼ਰਾਇਲ ਤੇ ਫ਼ਲਸਤੀਨ ਦੇ ਗਾਜ਼ਾ ਪੱਟੀ ’ਚ ਹਮਾਸ ਗਰੁੱਪ ਵਿਚਾਲੇ ਚੱਲ ਰਹੀ ਜੰਗ ਨੂੰ ਛੇਤੀ ਸਮਾਪਤ ਸਮਝਿਆ ਜਾ ਰਿਹਾ ਸੀ ਜੋ ਹੁਣ ਲੰਮਾ ਹੁੰਦਾ ਜਾ ਰਿਹਾ ਹੈ। ਇਜ਼ਰਾਇਲ ਵੱਲੋਂ ਹਮਾਸ ਨੂੰ ਜੜ੍ਹੋ ਖ਼ਤਮ ਕਰਨ ਦੀ ਗੱਲ ਕਹੀ ਜਾ ਰਹੀ ਹੈ ਤੇ ਗਾਜ਼ਾ ’ਤਬਾਹੀ ਮਚਾਈ ਹੋਈ ਹੈ। ਜਿਸ ਵਿੱਚ ਬੱਚਿਆਂ ਤੇ ਔਰਤਾਂ ਦੇ ਨਾਲ ਆਮ ਜਨਤਾ ਨਰਕ ਦੀ ਜ਼ਿੰਦਗੀ ਭੋਗ ਰਹੇ ਹਨ। ਇਜ਼ਰਾਇਲ ਵੱਲੋਂ ਹਮਾਸ ਦੀਆਂ ਬਣਾਈਆਂ ਸੁਰੰਗਾਂ ਨੂੰ ਨਸ਼ਟ ਕੀਤਾ ਜਾ ਰਿਹਾ ਹੈ। 8 ਅਕਤੂਬਰ ਨੂੰ ਹਮਾਸ ਵੱਲੋਂ ਇਜ਼ਰਾਇਲ ਉੱਪਰ ਕੀਤੇ ਹਮਲੇ ਤੋਂ ਬਾਅਦ ਇਹ ਜੰਗ ਜਾਰੀ ਹੈ। ਦੁਨੀਆ ਭਰ ਵਿੱਚ ਜਲਵਾਯੂ ਤਬਦੀਲੀ ਦਾ ਮੁੱਦਾ ਬਹੁਤ ਭਾਰੂ ਹੈ, ਜਿਸ ਵੱਲੋਂ ਦੁਨੀਆ ਦੇ ਦੇਸ਼ ਕੋਈ ਬਹੁਤਾ ਧਿਆਨ ਨਹੀਂ ਦੇ ਰਹੇ ਹਨ। ਦੁਬਈ ਵਿਖੇ ਲਗਭਗ 200 ਦੇਸ਼ਾਂ ਨੇ 13 ਦਸੰਬਰ ਦਿਨ ਬੁੱਧਵਾਰ ਨੂੰ ਸੀਓਪੀ 28ਵੇਂ ਸਿਖਰ ਸੰਮੇਲਨ ਦੇ ਅੰਤਿਮ ਸੈਸ਼ਨ ਵਿੱਚ ਇੱਕ ਇਤਿਹਾਸਕ ਜਲਵਾਯੂ ਸਮਝੌਤੇ ਲਈ ਸਹਿਮਤੀ ਦਿੱਤੀ, ਜਿਸ ਵਿੱਚ ਜਲਵਾਯੂ ਸੰਕਟ ਦਾ ਇੱਕ ਵੱਡਾ ਕਾਰਨ, ਜੈਵਿਕ ਇੰਧਨ ਦੀ ਵਰਤੋਂ ਨੂੰ ‘ਨਿਰਪੱਖ ਅਤੇ ਬਰਾਬਰ’ ਖ਼ਤਮ ਕਰਨ ਦੀ ਮੰਗ ਕੀਤੀ ਗਈ। ਪਹਿਲਾ ‘ਗਲੋਬਲ ਸਟਾਕਟੇਕ’ ਸਮਝੌਤਾ ਲਗਭਗ ਦੋ ਹਫ਼ਤਿਆਂ ਦੀ ਡੂੰਘੀ ਗੱਲਬਾਤ ਤੋਂ ਬਾਅਦ ਸਿਰੇ ਪਹੁੰਚਿਆ ਹੈ, ਜਿਸ ਨੇ ਦੇਸ਼ਾਂ ਨੂੰ ਕੋਲਾ ਬਿਜਲੀ ਉਤਪਾਦਨ ਨੂੰ ਪੜਾਅਵਾਰ ਬੰਦ ਕਰਨ ਦੀਆਂ ਕੋਸ਼ਿਸ਼ਾਂ ਨੂੰ ਤੇਜ਼ ਕਰਨ ਦੀ ਅਪੀਲ ਕੀਤੀ ਹੈ। ਨਿਊਜ਼ੀਲੈਂਡ ’ਚ ਹੋਈਆਂ ਆਮ ਚੋਣਾਂ ਵਿੱਚ ਸੱਤਾਧਾਰੀ ਲੇਬਰ ਪਾਰਟੀ ਨੂੰ ਵੋਟਰਾਂ ਨੇ ਸੱਤਾ ਤੋਂ ਬਾਹਰ ਕਰ ਦਿੱਤਾ, ਪਰ ਮੁੱਖ ਨੈਸ਼ਨਲ ਪਾਰਟੀ ਨੂੰ ਵੀ ਬਹੁਮਤ ਨਹੀਂ ਦਿੱਤਾ। ਜਿਸ ਦੇ ਕਰਕੇ ਹੁਣ ਦੇਸ਼ ’ਚ ਤਿੰਨ ਪਾਰਟੀਆਂ ਦੀ ਗੱਠਜੋੜ ਸਰਕਾਰ ਕੰਮ ਕਰ ਰਹੀ ਹੈ। ਕ੍ਰਿਸਟੋਫਰ ਲਕਸਨ ਦੀ ਅਗਵਾਈ ’ਚ ਨੈਸ਼ਨਲ ਪਾਰਟੀ ਨੇ ਐਕਟ ਅਤੇ ਐਨਜ਼ੈਡ ਫ਼ਸਟ ਪਾਰਟੀ ਨਾਲ ਮਿਲ ਕੇ ਗੱਠਜੋੜ ਦੀ ਸਰਕਾਰ ਬਣਾਈ ਹੈ, ਜਿਸ ਨੂੰ ਤਿੰਨੇ ਪਾਰਟੀਆਂ ਨੇ ਲੰਮੀ ਚਰਚਾਵਾਂ ਤੋਂ ਬਾਅਦ ਮਹੀਨੇ ਤੋਂ ਵੱਧ ਦੇ ਸਮਾਂ ਤੋਂ ਬਾਅਦ ਪਰਵਾਨ ਚੜ੍ਹਾਇਆ। ਨੈਸ਼ਨਲ ਪਾਰਟੀ ਲੀਡਰ ਕ੍ਰਿਸਟੋਫਰ ਲਕਸਨ ਨੇ ਨਿਊਜ਼ੀਲੈਂਡ ਦੇ 42ਵੇਂ ਪ੍ਰਧਾਨ ਮੰਤਰੀ ਵਜੋਂ 24 ਨਵੰਬਰ ਨੂੰ ਅਹੁਦੇ ਦੀ ਸਹੁੰ ਚੁੱਕੀ। ਐਨਜ਼ੈਡ ਫ਼ਸਟ ਦੇ ਲੀਡਰ ਵਿੰਸਟਨ ਪੀਟਰਜ਼ ਨੂੰ ਗੱਠਜੋੜ ਦੇ ਸਮਝੌਤੇ ਦੇ ਤਹਿਤ ਉਪ ਪ੍ਰਧਾਨ ਮੰਤਰੀ ਵਜੋਂ ਸਹੁੰ ਚੁਕਾਈ ਗਈ, ਜਿਸ ਅਨੁਸਾਰ ਵਿੰਸਟਨ ਪੀਟਰਜ਼ ਤੇ ਐਕਟ ਲੀਡਰ ਡੇਵਿਡ ਸੀਮੋਰ 18-18 ਮਹੀਨਿਆਂ ਲਈ ਅਹੁਦਾ ਸੰਭਾਲਣਗੇ। ਪ੍ਰਧਾਨ ਮੰਤਰੀ ਕ੍ਰਿਸਟੋਫਰ ਲਕਸਨ ਦੀ ਸਰਕਾਰ ਦਾ ਪਹਿਲਾ ਫੋਕਸ ਨੈਸ਼ਨਲ 100 ਦਿਨ ਦੀ ਯੋਜਨਾ ਨੂੰ ਅਮਲ ਵਿੱਚ ਲਿਆਉਣ ਦਾ ਹੈ। ਸਰਕਾਰ ਦੀ 100 ਦਿਨ ਦੀ ਯੋਜਨਾ ’ਚ ਸਿਹਤ ਤੋਂ ਲੈ ਕੇ ਸਾਈਕਲੋਂ ਰਿਕਵਰੀ, ਕਾਨੂੰਨ ਵਿਵਸਥਾ, ਸਪੀਡ ਰਿਕਵਰੀ ਆਦਿ ਤੱਕ ਕਈ ਵਿਸ਼ਿਆਂ ਨੂੰ ਸ਼ਾਮਲ ਕੀਤਾ ਗਿਆ ਹੈ। ਨੈਸ਼ਨਲ ਦੀ ਅਗਵਾਈ ਵਾਲੀ ਨਵੀਂ ਸਰਕਾਰ ਰਾਹੀ ਇਨ੍ਹਾਂ ਯੋਜਨਾ ਵਿੱਚੋਂ ਕੁੱਝ ਨੂੰ ਐਨਜ਼ੈਡ ਫ਼ਸਟ ਅਤੇ ਐਕਟ ਨਾਲ ਕੀਤੇ ਗੱਠਜੋੜ ਸਮਝੌਤਿਆਂ ਰਾਹੀਂ ਸੋਧਿਆ ਗਿਆ ਹੈ। ਹੁਣ ਵੇਖਣਾ ਇਹ ਹੈ ਕਿ ਇਹ ਗੱਠਜੋੜ ਕਾਮਯਾਬ ਹੋਣ ਦੇ ਨਾਲ-ਨਾਲ ਕਿੰਨਾ ਸਥਿਰ ਰਹਿੰਦਾ ਹੈ ਕਿਉਂਕਿ ਮਹਿੰਗਾਈ, ਵੱਧ ਦੇ ਇੰਫਲੇਸ਼ਨ, ਘਰਾਂ ਦੀਆਂ ਕੀਮਤਾਂ ’ਚ ਵਾਧਾ, ਖਾਣ-ਪੀਣ ਦੀਆਂ ਵਸਤਾਂ ਦੀਆਂ ਕੀਮਤਾਂ ’ਚ ਵਾਧਾ, ਘਰਾਂ ਦੀਆਂ ਮੋਡਗੇਜ਼ਾਂ, ਵੱਧ ਦੇ ਕੌਂਸਲ ਰੇਟ, ਘਰਾਂ ਦੇ ਕਿਰਾਏ ਬੇਰੁਜ਼ਗਾਰੀ ਵਰਗੇ ਮੁੱਦਿਆਂ ਨੂੰ ਸਰਕਾਰ ਕਿਵੇਂ ਨਜਿੱਠਦੀ ਹੈ। ਭਾਰਤ ਵਿੱਚ ਹੁਣੇ ਪੰਜ ਸੂਬਿਆ ਦੀਆਂ ਵਿਧਾਨ ਸਭਾ ਚੋਣਾਂ ਸਮਾਪਤ ਹੋਈਆਂ ਹਨ, ਜਿਸ ਵਿੱਚ ਭਾਰਤੀ ਜਨਤਾ ਪਾਰਟੀ ਨੇ ਤਿੰਨ ਅਤੇ ਕਾਂਗਰਸ ਪਾਰਟੀ ਨੇ ਇਕ ਸੂਬੇ ਵਿੱਚ ਜਿੱਤ ਹਾਸਲ ਕੀਤੀ ਹੈ, ਜਿਸ ਨਾਲ ਅਗਲੇ ਸਾਲ 2024 ਵਿੱਚ ਦੇਸ਼ ’ਚ ਹੋਣ ਵਾਲੀਆਂ ਲੋਕ ਸਭਾ ਚੋਣਾਂ ਦਾ ਮੁੱਢ ਬੱਝ ਗਿਆ ਹੈ ਤੇ ਸੱਤਾਧਾਰੀ ਭਾਜਪਾ ਦੀ ਗੱਠਜੋੜ ਵਾਲੀ ਐਨਡੀਏ ਮੁੜ ਸੱਤਾ ਤੇ ਕਾਬਜ਼ ਹੋਣ ਦੀ ਤਿਆਰੀ ਖਿੱਚੀ ਬੈਠੀ ਹੈ ਉੱਥੇ ਹੀ ਮੁੱਖ ਵਿਰੋਧੀ ਪਾਰਟੀ ਕਾਂਗਰਸ ਤੇ ਉਸ ਦੇ ਗੱਠਜੋੜ ਵਾਲੀਆਂ ਮੁੱਖ ਵਿਰੋਧੀ ਪਾਰਟੀਆਂ ਭਾਜਪਾ ਨੂੰ ਸੱਤਾ ਤੋਂ ਲਾਂਭੇ ਕਰਨ ਦੀ ਤਿਆਰੀ ਕਰ ਰਹੀਆਂ ਹਨ। ‘ਕੂਕ ਪੰਜਾਬੀ ਸਮਾਚਾਰ’ ਦੇ ਅਦਾਰੇ ਵੱਲੋਂ ਵੱਡੇ ਤੇ ਛੋਟੇ ਸਾਹਿਬਜ਼ਾਦਿਆਂ ਦੀਆਂ ਸ਼ਹੀਦੀਆਂ ਨੂੰ ਪ੍ਰਣਾਮ ਕੀਤਾ ਜਾਂਦਾ ਹੈ। ਅਦਾਰੇ ਵੱਲੋਂ ਆਪ ਸਾਰਿਆਂ ਨੂੰ ਕ੍ਰਿਸਮਸ, ਨਵੇਂ ਸਾਲ 2024 ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ‘ਪ੍ਰਕਾਸ਼ ਪੁਰਬ’ ਦੀਆਂ ਬਹੁਤ-ਬਹੁਤ ਵਧਾਈਆਂ ਅਤੇ ਉੱਥੇ ਨਾਲ ਹੀ ਹੁਣ ਮਿਲਦੇ ਹਾਂ ਨਵੇਂ ਸਾਲ ’ਚ ਇੱਕ ਨਵੀਂ ਉਮੀਦ ਦੇ ਨਾਲ, ਸਾਰਿਆਂ ਨੂੰ ਅਦਾਰੇ ਵੱਲੋਂ ਐਡਵਾਂਸ ਵਿੱਚ ਆਉਣ ਵਾਲੇ ਨਵੇਂ ਸਾਲ 2024 ਦੀਆਂ ਬਹੁਤ-ਬਹੁਤ ਵਧਾਈਆਂ।

ਅਮਰਜੀਤ ਸਿੰਘ, ਐਡੀਟਰ, Mobile: 021 028 30967, E-mail - amarjitsaini@yahoo.com

ਸਮੂੰਹ ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ “ਕੂਕ ਪੰਜਾਬੀ ਸਮਾਚਾਰ” ਵਿੱਚ ਛੱਪਣ ਵਾਲੀ ਧਾਰਮਿਕ ਸਮੱਗਰੀ ਅਤੇ ਤਸਵੀਰਾਂ ਦਾ ਸਨਮਾਨ ਕਰੋ ਅਤੇ ਇਨ੍ਹਾਂ ਨੂੰ ਬੇਅਦਬੀ ਤੋਂ ਬਚਾਉ। ਧੰਨਵਾਦ


ਘਰ ਤੱਕ ਪੇਪਰ ਪਹੁੰਚਾਉਣ ਲਈ ਸਾਲਾਨਾ ਚੰਦਾ ਫਾਰਮ

ਕੂਕ ਪੰਜਾਬੀ ਸਮਾਚਾਰ
**Kuk Punjabi Samachar**
16 Station Road, Papatoetoe, Auckland, NZ
Please accept my subscription

Name:..............................................
Address:...........................................
...................................................
Phone:.............................................

1 Year Subscription :
All Across NZ: NZ $99.00s
Overseas: NZ $299.00
Make all cheques or money order payable to Kin Creations International Ltd.




ਕੀਵੀ ਚਾਚਾ

ਕੂਕ ਪੰਜਾਬੀ ਸਮਾਚਾਰ ਦੇ ਅਦਾਰੇ ਅਤੇ ਕੀਵੀ ਚਾਚਾ-ਭਤੀਜੇ ਵੱਲੋਂ “ਕ੍ਰਿਮਸ ਅਤੇ ਨਵੇਂ ਸਾਲ 2024” ਦੀਆਂ ਆਪ ਸਭਨਾਂ ਨੂੰ ਡੇਰ ਸਾਰੀਆਂ ਵਧਾਈਆਂ


ਕੂਕ ਪੰਜਾਬੀ ਸਮਾਚਾਰ
**Kuk Punjabi Samachar**

| | |
|---|---|
| **Managing Director:** | Tejvir Singh |
| **Director & Editor** | Amarjit Singh |
| **Reporter :** | Kulwant Kaur |
| **Marketing Manager:** | Sukhvinder Singh |
| **Publisher:** | Kin Creations Intl. Ltd |

Kin Creations International Ltd.
16 Sation Road, Papatoetoe, Auckland, NZ
Phone: 09-250-4844,
Email: kukpunjabi@xtra.co.nz
www.kuksamachar.co.nz



*All rights reserved. No material herein or portions thereof may be printed without the consent of the publisher*
Letters should not exceed 200 words and must carry the author’s signature, name and residential address. E-mailed letters must include full residential address and phone number allowing a check on bona-fides. Attachments will not be accepted. Noms de plume are not accepted; names are withheld only in special circumstances at the discretion of the editor. Letters are not normally acknowledged and may be edited, abridged or discarded. Kuk Punjabi Samachar is not responsible for the claims made in advertisements.
ਨੋਟ: ਕੂਕ ਪੰਜਾਬੀ ਸਮਾਚਾਰ ਵਿੱਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੂਕ ਪੰਜਾਬੀ ਸਮਾਚਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀ ਹੈ।

# ਪੌਪ ਮਿਊਜ਼ਿਕ ਦੇ ਜ਼ਮਾਨੇ ਵਿੱਚ ਅਲਗੋਜ਼ਾ/ਬੰਸਰੀ ਵਾਦਕ ਗੁਰਮੇਲ ਸਿੰਘ ਮੁੰਡੀ

ਲੇਖਕ – ਉਜਾਗਰ ਸਿੰਘ, ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ, ਮੋਬਾਈਲ–0091 94178 13072, E-mail : ujagarsingh48@yahoo.com



ਆਧੁਨਿਕ ਪੌਪ ਸੰਗੀਤ ਦੇ ਜ਼ਮਾਨੇ ਵਿੱਚ ਗੁਰਮੇਲ ਸਿੰਘ ਮੁੰਡੀ ਅਲਗੋਜ਼ਿਆਂ/ਬੰਸਰੀ ਦੀਆਂ ਮਧੁਰ ਧੁਨਾਂ ਦੀ ਕਲਾ ਰਾਹੀਂ ਸਰੋਤਿਆਂ ਨੂੰ ਮੰਤਰ ਮੁਗਧ ਕਰ ਰਿਹਾ ਹੈ। ਉਹ ਆਪਣੀ ਕਲਾ ਦੀ ਸਹਿਜਤਾ ਨਾਲ ਸਰੋਤਿਆਂ ਨੂੰ ਰੂਹ ਦੀ ਖ਼ੁਰਾਕ ਦੇ ਰਿਹਾ ਹੈ। ਇਹ ਕਲਾ ਅਲਗੋਜ਼ਾ/ਬੰਸਰੀ ਵਾਦਕ ਦੀ ਰਸਨਾਂ ਨੂੰ ਮਿਠਾਸ ਪ੍ਰਦਾਨ ਕਰਦੀ ਹੋਈ, ਉਸ ਦੇ ਫੇਫੜਿਆਂ ਨੂੰ ਸਿਹਤਮੰਦ ਵੀ ਰੱਖਦੀ ਹੈ। ਇਹ ਕਲਾ ਪ੍ਰੇਮੀ ਮਸਫੁੱਟ ਗੱਭਰੂ ਗੁਰਮੇਲ ਸਿੰਘ ਮੁੰਡੀ 1964 ਵਿੱਚ ਰੋਪੜ ਜ਼ਿਲ੍ਹੇ ਦੇ ਨਿਆਮੀਆਂ ਪਿੰਡ ਤੋਂ 8 ਮੀਲ ਕੱਚੇ ਰਸਤੇ ਰਾਹੀਂ ਆਪਣੇ ਦੋਸਤਾਂ ਮਿੱਤਰਾਂ ਨਾਲ ਪੈਦਲ ਸਫ਼ਰ ਤਹਿ ਕਰਕੇ ਖਰੜ ਵਿਖੇ ਦੁਸਹਿਰੇ ਦਾ ਮੇਲਾ ਵੇਖਣ ਜਾਂਦਾ ਰਿਹਾ। ਉਸ ਮੇਲੇ ਵਿੱਚ ਅਲਗੋਜ਼ਾ/ਬੰਸਰੀ ਵਾਦਕਾਂ ਦੀਆਂ ਸੰਗੀਤਮਈ ਧੁਨਾਂ ਉਸ ਦੇ ਮਨ ਵਿੱਚ ਹਲਚਲ ਪੈਦਾ ਕਰ ਦਿੰਦੀਆਂ ਸਨ। ਉਸ ਨੂੰ ਮੇਲਾ ਵੇਖਣ ਲਈ ਪਿਤਾ ਸਿਰਫ਼ ਇੱਕ ਰੁਪਿਆ ਦਿੰਦੇ ਸਨ। ਆਮ ਤੌਰ ’ਤੇ ਬੱਚੇ ਮੇਲਿਆਂ ਵਿੱਚ ਝੂਲੇ ਲੈਂਦੇ ਅਤੇ ਖਾਣ ਪੀਣ ਦੀਆਂ ਚੀਜ਼ਾਂ ਦਾ ਆਨੰਦ ਮਾਣਦੇ ਹੁੰਦੇ ਹਨ ਕਿਉਂਕਿ ਉਨ੍ਹਾਂ ਦਿਨਾਂ ਵਿੱਚ ਪਿੰਡਾਂ ਵਿੱਚ ਖਾਣ ਪੀਣ ਦੀਆਂ ਵਸਤਾਂ ਘੱਟ ਹੀ ਮਿਲਦੀਆਂ ਸਨ ਪ੍ਰੰਤੂ ਗੁਰਮੇਲ ਸਿੰਘ ਮੁੰਡੀ ਆਪਣੇ ਪਿੰਡ ਦੇ ਅੰਨ੍ਹੇ ਵਿਅਕਤੀ ਮਿੰਦਰ ਦੇ ਅਲਗੋਜ਼ਿਆਂ/ਬੰਸਰੀ ਵਜਾਉਣ ਦੀਆਂ ਧੁਨਾਂ ਦਾ ਕਾਇਲ ਹੋ ਚੁੱਕਿਆ ਸੀ। ਇਸ ਲਈ ਉਹ ਸਾਰੇ ਮੇਲੇ ਵਿੱਚ ਬੌਰਿਆਂ ਦੀ ਤਰ੍ਹਾਂ ਬੰਸਰੀ/ਅਲਗੋਜ਼ੇ ਵੇਚਣ ਵਾਲਿਆਂ ਦੇ ਸੰਗੀਤ ਦਾ ਆਨੰਦ ਮਾਣਦਾ ਰਹਿੰਦਾ ਸੀ। ਇਕ ਦਿਨ ਉਸ ਨੇ ਇੱਕ ਰੁਪਏ ਦੇ ਅਲਗੋਜ਼ੇ ਖ਼ਰੀਦ ਲਏ। ਪਿੰਡ ਦੇ ਹੋਰ ਮੁੰਡੇ ਉਸ ਦੇ ਬੰਸਰੀ/ਅਲਗੋਜ਼ੇ ਖ਼ਰੀਦਣ ਤੇ ਹੈਰਾਨ ਸਨ ਕਿਉਂਕਿ ਉਹ ਤਾਂ ਜਲੇਬੀਆਂ ਦਾ ਆਨੰਦ ਮਾਣ ਰਹੇ ਸਨ।

ਗੁਰਮੇਲ ਸਿੰਘ ਮੁੰਡੀ ਬਿਨਾ ਕੁੱਝ ਖਾਧੇ ਪੀਤੇ ਖ਼ੁਸ਼ੀ ਵਿੱਚ ਖੀਵਾ ਹੋਇਆ ਰਾਤ ਨੂੰ ਘਰ ਵਾਪਸ ਪਹੁੰਚ ਗਿਆ। ਉਸ ਦੇ ਮਨ ਵਿੱਚ ਅਤਿਅੰਤ ਖ਼ੁਸ਼ੀ ਟਪਕ ਰਹੀ ਸੀ। ਸ਼ੌਕ ਦਾ ਕੋਈ ਮੁੱਲ ਨਹੀਂ ਹੁੰਦਾ। ਸ਼ੌਕ ਦੀ ਪੂਰਤੀ ਲਈ ਇਨਸਾਨ ਹੋਰ ਸਾਰੀਆਂ ਇੱਛਾਵਾਂ ਦੀ ਕੁਰਬਾਨੀ ਦੇ ਦਿੰਦਾ ਹੈ। ਪਰਿਵਾਰ ਬੱਚੇ ਦੇ ਸ਼ੌਕ ’ਤੇ ਹੈਰਾਨ ਹੋਇਆ। ਸੰਗੀਤ ਹਮੇਸ਼ਾ ਉਸ ਦੇ ਮਨ ਵਿੱਚ ਹਲਚਲ ਪੈਦਾ ਕਰ ਦਿੰਦਾ ਸੀ। ਇਸੇ ਤਰ੍ਹਾਂ ਇੱਕ ਵਾਰ ਪਿੰਡ ਦੇ ਗੁਰਦੁਆਰੇ ਵਿੱਚ ਹੋ ਰਹੇ ਕੀਰਤਨ ਦੇ ਮਧੁਰ ਸੰਗੀਤ ਦੀਆਂ ਸੁਰਾਂ ਨੇ ਅੱਲ੍ਹੜ ਉਮਰ ਦੇ ਗੁਰਮੇਲ ਸਿੰਘ ਮੁੰਡੀ ਦੇ ਮਨ ਤੇ ਅਜਿਹਾ ਜਾਦੂਮਈ ਅਸਰ ਕੀਤਾ ਕਿ ਉਹ ਸੰਗੀਤ ਦਾ ਪ੍ਰੇਮੀ ਬਣ ਗਿਆ। ਉਸ ਦਾ ਮਨ ਹਮੇਸ਼ਾ ਸੰਗੀਤ ਸੁਣਨ ਦਾ ਦੀਵਾਨਾ ਹੋ ਗਿਆ। ਪਰਿਵਾਰ ਉਸ ਨੂੰ ਪੜ੍ਹਾਈ ਵਿੱਚ ਧਿਆਨ ਰੱਖਣ ਦੀ ਚੇਤਾਵਨੀ ਦਿੰਦਾ ਰਹਿੰਦਾ ਪ੍ਰੰਤੂ ਉਸ ਦੇ ਅਚੇਤ ਮਨ ਵਿੱਚ ਸੰਗੀਤ ਦੀਆਂ ਤਰੰਗਾਂ ਉਠਦੀਆਂ ਰਹਿੰਦੀਆਂ ਸਨ। ਇੱਕ ਦਿਨ ਜਦੋਂ ਉਸ ਨੇ ਆਪਣੇ ਪਿੰਡ ਦੇ ਅੱਖਾਂ ਦੀ ਰੌਸ਼ਨੀ ਤੋਂ ਮੁਹਤਾਜ ਮਿੰਦਰ ਦੀ ਬੰਸਰੀ/ਅਲਗੋਜ਼ਾ ਦੀਆਂ ਧੁਨਾਂ ਸੁਣੀਆਂ ਤਾਂ ਇਨ੍ਹਾਂ ਨੇ ਸੋਨੇ ’ਤੇ ਸੁਹਾਗੇ ਦਾ ਕੰਮ ਕੀਤਾ। ਉਸ ਦਿਨ ਤੋਂ ਬਾਅਦ ਗੁਰਮੇਲ ਸਿੰਘ ਮੁੰਡੀ ਨੇ ਫ਼ੈਸਲਾ ਕਰ ਲਿਆ ਕਿ ਉਹ ਬੰਸਰੀ/ਅਲਗੋਜ਼ਾ ਵਜਾਉਣਾ ਜ਼ਰੂਰ ਸਿੱਖੇਗਾ। ਮਾਪੇ ਉਸ ਦਾ ਧਿਆਨ ਪੜ੍ਹਾਈ ’ਤੇ ਲਾਉਣ ਦੀ ਕੋਸ਼ਿਸ਼ ਕਰਦੇ ਰਹਿੰਦੇ ਸਨ ਪ੍ਰੰਤੂ ਉਹ ਇਕ ਦਿਨ ਮਿੰਦਰ ਕੋਲ ਜਾ ਕੇ ਬੰਸਰੀ/ਅਲਗੋਜ਼ਾ ਸਿਖਾਉਣ ਲਈ ਉਸ ਦੇ ਖਹਿੜੇ ਪੈ ਗਿਆ। ਮਿੰਦਰ ਨੇ ਉਸ ਨੂੰ ਇਹ ਕਹਿ ਕੇ ਨਿਰਉਤਸ਼ਾਹਤ ਕੀਤਾ ਕਿ ਬੰਸਰੀ/ਅਲਗੋਜ਼ਾ ਸਿੱਖਣਾ ਤੁਹਾਡੇ ਵਰਗੇ ਬੱਚਿਆ ਅਤੇ ਐਰੇ ਗ਼ੈਰੇ ਦਾ ਕੰਮ ਨਹੀਂ। ਮਿੰਦਰ ਕਹਿਣ ਲੱਗਾ ਤੇਰਾ ਕੰਮ ਪੜ੍ਹਾਈ ਕਰਨਾ ਹੈ, ਇਸ ਲਈ ਤੂੰ ਪਹਿਲਾਂ ਪੜ੍ਹਾਈ ਮੁਕੰਮਲ ਕਰ ਲੈ ਫਿਰ ਬੰਸਰੀ/ਅਲਗੋਜ਼ਾ ਸਿੱਖ ਲਈਂ।

ਸੰਗੀਤ ਭਾਵੇਂ ਕਿਸੇ ਵੀ ਰੂਪ ਵਿੱਚ ਹੋਵੇ, ਉਹ ਇਨਸਾਨ ਨੂੰ ਰੂਹ ਦੀ ਖ਼ੁਰਾਕ ਦਿੰਦਾ ਹੈ। ਪੰਜਾਬ ਵਿੱਚ ਸਮਾਜਿਕ, ਧਾਰਮਿਕ, ਖੇਡ, ਸਾਹਿਤਕ, ਅਖਾੜੇ, ਰਾਗੀਆਂ ਢਾਡੀਆਂ ਦੇ ਪ੍ਰੋਗਰਾਮ ਅਤੇ ਲੋਕ ਕਲਾਵਾਂ ਦੇ ਮੇਲੇ ਆਮ ਲਗਦੇ ਰਹਿੰਦੇ ਹਨ। ਇਨ੍ਹਾਂ ਮੇਲਿਆਂ ਵਿੱਚ ਹਰ ਪ੍ਰਾਣੀ ਨੂੰ ਰੂਹ ਦੀ ਖ਼ੁਰਾਕ ਮਿਲਦੀ ਹੈ



ਕਿਉਂਕਿ ਮੇਲਿਆਂ ਵਿੱਚ ਵੱਖ–ਵੱਖ ਤਰ੍ਹਾਂ ਦੇ ਕਲਾਕਾਰ ਆਪਣੇ ਪ੍ਰੋਗਰਾਮ ਕਰਦੇ ਰਹਿੰਦੇ ਹਨ। ਅੱਜ ਕੱਲ੍ਹ ਕੋਈ ਵੀ ਕਲਾਕਾਰ ਲੋਕਾਂ ਦੇ ਮਨ ਪ੍ਰਚਾਵੇ ਲਈ ਮੁਫ਼ਤ ਵਿੱਚ ਕੋਈ ਪ੍ਰੋਗਰਾਮ ਨਹੀਂ ਕਰਦਾ, ਸਗੋਂ ਗਾਇਕ ਵੱਡੀਆਂ ਰਕਮਾਂ ਲੈ ਕੇ ਪ੍ਰੋਗਰਾਮ ਕਰਦੇ ਹਨ। ਅਜੇ ਵੀ ਇਕ ਅਜਿਹਾ ਸੰਗੀਤ ਵਾਦਕ ਗੁਰਮੇਲ ਸਿੰਘ ਮੁੰਡੀ ਹੈ, ਜਿਹੜਾ ਬੰਸਰੀ/ਅਲਗੋਜ਼ੇ ਵਜਾ ਕੇ ਮੁਫ਼ਤ ਵਿੱਚ ਲੋਕਾਂ ਦਾ ਮਨ ਪ੍ਰਚਾਵਾ ਕਰਦਾ ਹੈ। ਉਹ ਦੋਸਤਾਂ ਮਿੱਤਰਾਂ ਦੀਆਂ ਮਹਿਫ਼ਲਾਂ ਦਾ ਸ਼ਿੰਗਾਰ ਹੁੰਦਾ ਹੈ। ਪਿੰਡਾਂ ਦੀਆਂ ਢਾਣੀਆਂ ਅਤੇ ਸੱਥਾਂ ਵਿੱਚ ਧਾਰਮਿਕ, ਸਮਾਜਿਕ ਅਤੇ ਸਭਿਆਚਾਰਕ ਗੀਤਾਂ ਦੀਆਂ ਧੁਨਾਂ ਵਜਾ ਕੇ ਦਰਸ਼ਕਾਂ ਦੇ ਮਨਾਂ ਨੂੰ ਮੋਹ ਲੈਂਦਾ ਹੈ।

ਪੰਜਾਬ ਦਾ ਸਭਿਆਚਾਰ ਬੜਾ ਅਮੀਰ ਹੈ। ਮੇਲੇ, ਗੀਤ ਸੰਗੀਤ ਰੂਹ ਦੀ ਖ਼ੁਰਾਕ ਹੁੰਦੇ ਹਨ, ਜਿਵੇਂ ਇਨਸਾਨੀ ਸਰੀਰ ਨੂੰ ਤੰਦਰੁਸਤ ਰੱਖਣ ਲਈ ਖਾਦ ਪਦਾਰਥਾਂ ਦੀ ਲੋੜ ਹੁੰਦੀ ਹੈ। ਉਸੇ ਤਰ੍ਹਾਂ ਇਨਸਾਨ ਦੀ ਮਾਨਸਿਕਤਾ ਦੀ ਖ਼ੁਰਾਕ ਗੀਤ ਸੰਗੀਤ ਹੁੰਦਾ ਹੈ। ਖਾਦ ਖ਼ੁਰਾਕ ਨਾਲ ਇਨਸਾਨ ਰੱਜ ਜਾਂਦਾ ਹੈ ਪ੍ਰੰਤੂ ਰੂਹ ਦੀ ਖ਼ੁਰਾਕ ਨਾਲ ਤ੍ਰਿਪਤ ਹੁੰਦਾ ਹੈ। ਰੂਹ ਦੀ ਖ਼ੁਰਾਕ ਦਰਿਆਵਾਂ ਦੀਆਂ ਲਹਿਰਾਂ, ਬਲਦਾਂ ਦੀਆਂ ਟੱਲੀਆਂ, ਨ੍ਰਿਤਕਾਂ ਦੀਆਂ ਝਾਂਜਰਾਂ ਅਤੇ ਕੁਦਰਤ ਦੇ ਹਰ ਕ੍ਰਿਸ਼ਮੇ ਵਿੱਚੋਂ ਆਪ ਮੁਹਾਰੇ ਮਿਲਦੀ ਹੈ। ਗੁਰਦੁਆਰਿਆਂ ਦੇ ਕੀਰਤਨ/ਢਾਡੀਆਂ ਦੀ ਢੱਡ ਸਾਰੰਗੀ/ਰਾਗੀਆਂ ਦੇ ਹਰਮੋਨੀਅਮ ਅਤੇ ਮੰਦਰਾਂ ਦੀਆਂ ਟੱਲੀਆਂ ਦੇ ਸੰਗੀਤ ਤੋਂ ਵੀ ਰੂਹ ਦੀ ਖ਼ੁਰਾਕ ਮਿਲਦੀ ਹੈ। ਜੇਕਰ ਪੰਜਾਬ ਦੀ ਸਭਿਆਚਾਰਕ ਵਿਰਾਸਤ ਦਾ ਆਨੰਦ ਮਾਣਨਾ ਹੋਵੇ ਤਾਂ ਪਿੰਡਾਂ ਦੀਆਂ ਸੱਥਾਂ ਅਤੇ ਵਿਰਾਸਤੀ ਮੇਲਿਆਂ ਵਿੱਚ ਮਾਣਿਆਂ ਜਾ ਸਕਦਾ ਹੈ। ਅੱਜ ਦਿਨ ਭਾਵੇਂ ਗੀਤ ਸੰਗੀਤ ਤੇ ਗਾਇਕੀ ਵਿਓਪਾਰਕ ਹੋ ਗਈ ਹੈ ਪ੍ਰੰਤੂ ਪੁਰਾਤਨ ਸਮੇਂ ਵਿੱਚ ਪਿੰਡਾਂ ਦੀਆਂ ਸੱਥਾਂ ਅਤੇ ਵਿਰਾਸਤੀ ਮੇਲਿਆਂ ਵਿੱਚ ਗੀਤ ਸੰਗੀਤ ਦੀਆਂ ਛਹਿਬਰਾਂ ਮੁਫ਼ਤੋ ਮੁਫ਼ਤੀ ਮਾਣਨ ਨੂੰ ਮਿਲਦੀਆਂ ਸਨ। ਸੰਗੀਤ ਪ੍ਰੇਮੀ ਗੁਰਮੇਲ ਸਿੰਘ ਮੁੰਡੀ ਹੈ, ਜਿਸ ਨੂੰ ਸੰਗੀਤ ਨਾਲ ਅਥਾਹ ਪ੍ਰੇਮ ਬਚਪਨ ਵਿੱਚ ਹੀ ਅਜਿਹੇ ਮੇਲਿਆਂ ਅਤੇ ਪਿੰਡਾਂ ਦੀਆਂ ਸੱਥਾਂ ਵਿੱਚੋਂ ਜਾਗਿਆ ਸੀ। ਆਧੁਨਿਕ ਯੁੱਗ ਵਿੱਚ ਇਹ ਕਲਾ ਖ਼ਤਮ ਹੋਣ ਦੇ ਕਿਨਾਰੇ ਹੈ। ਅੱਜ ਦਾ ਸੰਗੀਤ ਸੰਗੀਤਕ ਰਸ ਦੇਣ ਦੀ ਥਾਂ ਧੂਮ ਧੜੱਕਾ ਜ਼ਿਆਦਾ ਕਰਦਾ ਹੈ, ਜਿਸ ਨੂੰ ਪੌਪ ਸੰਗੀਤ ਕਿਹਾ ਜਾਂਦਾ ਹੈ।

ਗੁਰਮੇਲ ਸਿੰਘ ਮੁੰਡੀ ਨੇ ਮਹਿਸੂਸ ਕੀਤਾ ਕਿ ਜੇਕਰ ਇੱਕ ਅੱਖਾਂ ਦੀ ਰੌਸ਼ਨੀ ਤੋਂ ਵਾਂਝਾ ਵਿਅਕਤੀ ਬੰਸਰੀ/ਅਲਗੋਜ਼ੇ ਸਿੱਖ ਸਕਦਾ ਹੈ ਤਾਂ ਸੁਜਾਖਾ ਵਿਅਕਤੀ ਕਿਉਂ ਨਹੀਂ ਸਿੱਖ ਸਕਦਾ? ਫਿਰ ਗੁਰਮੇਲ ਸਿੰਘ ਨੇ ਬੰਸਰੀ/ਅਲਗੋਜ਼ੇ ਸਿੱਖਣ ਦਾ ਤਹੱਈਆ ਕਰ ਲਿਆ। ਪਿਤਾ ਨੇ ਮੱਕੀ ਦੀ ਰਾਖੀ ਖੇਤਾਂ ਵਿੱਚ ਤੋਤੇ ਉਡਾਉਣ ਲਈ ਭੇਜਣਾ ਤਾਂ ਗੁਰਮੇਲ ਸਿੰਘ ਮੁੰਡੀ ਨੇ ਅਲਗੋਜ਼ੇ/ਬੰਸਰੀ ਨਾਲ ਲੈ ਜਾਣੀ ਖੇਤਾਂ ਵਿੱਚ ਬੈਠ ਕੇ ਵਜਾਉਣ ਦੀ ਰਿਹਰਸਲ ਕਰਦੇ ਰਹਿਣਾ। ਤੋਤਿਆਂ ਨੇ ਉਡਣ ਦੀ ਥਾਂ ਸੰਗੀਤ ਦਾ ਆਨੰਦ ਮਾਣਦੇ ਰਹਿਣਾ। ਗੁਰਮੇਲ ਸਿੰਘ ਮੁੰਡੀ ਨੇ ਸੰਗੀਤ ਦੀਆਂ ਧੁਨਾਂ ਵਿੱਚ ਗੁਆਚ ਜਾਣਾ, ਜਿਸ ਕਰਕੇ ਘਰ ਪਹੁੰਚਣ ਵਿੱਚ ਰਾਤ ਪੈ ਜਾਣੀ। ਜਦੋਂ ਵੀ ਕਦੇ ਉਹ ਘਰੋਂ ਬਾਹਰ ਹੁੰਦਾ ਸੀ ਤਾਂ ਉਸ ਨੂੰ ਖੇਤਾਂ ਵਿੱਚ ਰਿਹਰਸਲ ਕਰਦਾ ਵੇਖਿਆ ਜਾ ਸਕਦਾ ਸੀ। ਪਰਿਵਾਰ ਤੋਂ ਲੁੱਕ ਛਿਪ ਕੇ ਉਹ ਬੰਸਰੀ/ਅਲਗੋਜ਼ਾ ਵਜਾਉਣ ਦਾ ਅਭਿਆਸ ਕਰਦਾ ਰਹਿੰਦਾ ਸੀ। ਲੋਕ ਸੰਪਰਕ ਵਿਭਾਗ ਦੀ ਗੀਤ ਤੇ ਨਾਟਕ ਵਿੰਗ ਵਿੱਚ ਵੀ ਕਈ ਵਾਰ ਰਿਹਰਸਲ ਕਰ ਲੈਣਾ। ਇਸੇ ਤਰ੍ਹਾਂ ਪਹਿਲੀ ਵਾਰ ਸਟੇਜ ’ਤੇ 1972-73 ਵਿੱਚ ਅਲਗੋਜ਼ੇ/ਬੰਸਰੀ ਵਜਾਉਣ ਦਾ ਮੌਕਾ ਮਿਲਿਆ। ਚਰਨ ਸਿੰਘ ਸਿੰਧਰਾ ਗੀਤ ਤੇ ਨਾਟਕ ਅਧਿਕਾਰੀ ਲੋਕ ਸੰਪਰਕ ਵਿਭਾਗ ਨੇ ਪੰਜਾਬ ਵਿਧਾਨ ਸਭਾ ਵਿੱਚ ਪੰਜਾਬ ਦੀ ਹਾਕੀ ਟੀਮ ਦੀ ਜਿੱਤ ਦੀ ਖ਼ੁਸ਼ੀ ਵਿੱਚ ਆਯੋਜਿਤ ਕੀਤੇ ਸਮਾਗਮ ਵਿੱਚ ਬੰਸਰੀ/ਅਲਗੋਜ਼ੇ ਵਜਾਉਣ ਦੀ ਗੁਰਮੇਲ ਸਿੰਘ ਮੁੰਡੀ ਨੂੰ ਤਾਕੀਦ ਕੀਤੀ। ‘ਅਸੀਂ ਵੱਡਾ ਕੱਪ ਜਿੱਤ ਕੇ ਲਿਆਏ’ ਗੀਤ ਗੁਰਮੇਲ ਸਿੰਘ ਮੁੰਡੀ ਨੇ ਬੰਸਰੀ ਨਾਲ ਗਾਇਆ ਤਾਂ ਸਰੋਤੇ ਅਸ਼–ਅਸ਼ ਕਰ ਉਠੇ। ਉਸ ਤੋਂ ਬਾਅਦ ਗੁਰਮੇਲ ਸਿੰਘ ਮੁੰਡੀ ਨੂੰ ਉਤਸ਼ਾਹ ਮਿਲਿਆ ਤੇ ਉਹ ਯਾਰਾਂ ਦੋਸਤਾਂ ਦੀਆਂ ਮਹਿਫ਼ਲਾਂ ਵਿੱਚ ਬੰਸਰੀ/ਅਲਗੋਜ਼ੇ ਵਜਾ ਕੇ ਮਨ ਪ੍ਰਚਾਵਾ ਕਰਦੇ ਹੋਏ ਆਪਣੀ ਮਾਨਸਿਕ ਤ੍ਰਿਪਤੀ ਕਰਦੇ ਰਹਿੰਦੇ ਹਨ। ਉਨ੍ਹਾਂ ਕਦੀ ਵੀ ਵਿਓਪਾਰਕ ਤੌਰ ’ਤੇ ਅਲਗੋਜ਼ੇ/ਬੰਸਰੀ ਨਹੀਂ ਵਜਾਈ।



ਗੁਰਮੇਲ ਸਿੰਘ ਮੁੰਡੀ ਦਾ ਜਨਮ 4 ਅਪ੍ਰੈਲ 1947 ਨੂੰ ਪਿਤਾ ਨੌਰੰਗ ਸਿੰਘ ਅਤੇ ਮਾਤਾ ਤੇਜ ਕੌਰ ਦੇ ਘਰ ਰੋਪੜ ਜ਼ਿਲ੍ਹੇ ਦੇ ਨਿਆਮੀਆਂ ਪਿੰਡ ਵਿੱਚ ਹੋਇਆ। ਉਨ੍ਹਾਂ ਪ੍ਰਾਇਮਰੀ ਤੱਕ ਦੀ ਪੜ੍ਹਾਈ ਪਿੰਡ ਦੇ ਸਕੂਲ ਅਤੇ ਹਾਇਰ ਸੈਕੰਡਰੀ ਖਾਲਸਾ ਹਾਇਰ ਸੈਕੰਡਰੀ ਸਕੂਲ ਖਰੜ ਤੋਂ 1966 ਵਿੱਚ ਪਾਸ ਕੀਤੀ। ਖਰੜ ਜਾਣ ਲਈ ਉਸ ਨੂੰ ਹਰ ਰੋਜ਼ 8 ਮੀਲ ਤੁਰਕੇ ਕੱਚੇ ਰਸਤਿਆਂ ਤੋਂ ਜਾਣਾ ਅਤੇ 8 ਮੀਲ ਵਾਪਸ ਆਉਣਾ ਪੈਂਦਾ ਸੀ। ਉਸ ਨੂੰ 1967 ਵਿੱਚ ਸਕੱਤਰੇਤ ਵਿੱਚ ਮਹਿਮਾਨ ਨਿਵਾਜੀ ਵਿਭਾਗ ਵਿੱਚ ਐਡਹਾਕ ਤੌਰ ਤੇ ਨੌਕਰੀ ਮਿਲ ਗਈ, ਉਸ ਤੋਂ ਬਾਅਦ ਉਨ੍ਹਾਂ ਥੋੜ੍ਹਾ ਸਮਾ ਫਾਰੈਸਟ ਵਿਭਾਗ ਵਿੱਚ ਨੌਕਰੀ ਕੀਤੀ। 1968 ਵਿੱਚ ਉਹ ਪੰਜਾਬ ਦੇ ਸਰਵਿਸ ਸਿਲੈਕਸ਼ਨ ਬੋਰਡ ਰਾਹੀਂ ਲੋਕ ਸੰਪਰਕ ਵਿਭਾਗ ਪੰਜਾਬ ਵਿੱਚ ਕਲਰਕ ਭਰਤੀ ਹੋ ਗਏ। 1979 ਵਿੱਚ ਉਨ੍ਹਾਂ ਦੀ ਸਹਾਇਕ ਅਤੇ 1999 ਵਿੱਚ ਸੁਪਰਇਨਟੈਂਡੈਂਟ ਦੀ ਤਰੱਕੀ ਹੋ ਗਈ। 2005 ਵਿੱਚ ਉਹ ਸਰਕਾਰੀ ਨੌਕਰੀ ਤੋਂ ਸੇਵਾ ਮੁਕਤ ਹੋ ਗਏ ਹਨ। ਅੱਜ ਕੱਲ੍ਹ ਉਹ ਯਾਰਾਂ ਦੋਸਤਾਂ ਦੀਆਂ ਮਹਿਫ਼ਲਾਂ ਵਿੱਚ ਬੰਸਰੀ/ਅਲਗੋਜ਼ਾ ਵਜਾ ਕੇ ਸੰਗੀਤਕ ਭੁੱਖ ਦੀ ਤ੍ਰਿਪਤੀ ਕਰਦੇ ਹਨ। ਸਰਕਾਰੀ ਨੌਕਰੀ ਤੋਂ ਸੇਵਾ ਮੁਕਤੀ ਤੋਂ ਬਾਅਦ ਉਸ ਦੀ ਬੰਸਰੀ/ਅਲਗੋਜ਼ੇ ਵਜਾਉਣ ਦੀ ਪ੍ਰਵਿਰਤੀ ਹੋ ਵਿਸ਼ਾਲ ਹੋ ਗਈ ਹੈ।

ਤਸਵੀਰ : ਗੁਰਮੇਲ ਸਿੰਘ ਮੁੰਡੀ

# ਕੋਰੋਨਾ ਨੂੰ ਲੈ ਕੇ ਡਬਲਿਊਐਚਓ ਦੀ ਵੱਡੀ ਚੇਤਾਵਨੀ, JN.1 ਨੂੰ ਵੇਰੀਐਂਟ ਆਫ਼ ਇੰਟਰੈਸਟ ਐਲਾਨਿਆ

**ਵਾਸ਼ਿੰਗਟਨ** – ਕੋਰੋਨਾ ਮਹਾਂਮਾਰੀ ਇੱਕ ਵਾਰ ਮੁੜ ਸਿਰ ਚੁੱਕ ਰਹੀ ਹੈ। ਵਰਲਡ ਹੈਲਥ ਔਗਨਾਈਜੇਸ਼ਨ (WHO) ਨੇ 20 ਦਸੰਬਰ ਨੂੰ JN.1 ਕੋਵਿਡ ਸਟ੍ਰੇਨ ਨੂੰ ‘ਵੇਰੀਐਂਟ ਆਫ਼ ਇੰਟਰੈਸਟ’ ਵਜੋਂ ਸ਼੍ਰੇਣੀਬੱਧ ਕੀਤਾ ਹੈ। ਪਰ ਇਹ ਵੀ ਕਿਹਾ ਗਿਆ ਹੈ ਕਿ ਇਸ ਨਾਲ ਜਨ ਸਿਹਤ ਨੂੰ ਜ਼ਿਆਦਾ ਖ਼ਤਰਾ ਨਹੀਂ ਹੈ। JN.1 ਨੂੰ ਪਹਿਲਾਂ ਇਸ ਦੇ ਮੂਲ ਵੰਸ਼ BA.2.86 ਦੇ ਹਿੱਸੇ ਵਜੋਂ ਵੇਰੀਐਂਟ ਆਫ਼ ਇੰਟਰੈਸਟ ਵਜੋਂ ਸ਼੍ਰੇਣੀਬੱਧ ਕੀਤਾ ਗਿਆ ਸੀ। ਇਸ ਨੂੰ ਵੇਰੀਐਂਟ ਆਫ਼ ਇੰਟਰੈਸਟ ਵਜੋਂ ਸ਼੍ਰੇਣੀਬੱਧ ਕਰਨ ਤੋਂ ਬਾਅਦ, ਵਿਗਿਆਨੀ ਹੁਣ ਇਸ ਦੀ ਨਿਗਰਾਨੀ ਕਰਨਗੇ। ਉਹ ਦੇਖਣਗੇ ਕਿ ਇਹ ਕਿੰਨੀ ਤੇਜ਼ੀ ਨਾਲ ਫੈਲਦਾ ਹੈ? ਇਹ ਕਿਸੇ ਨੂੰ ਕਿੰਨਾ ਬਿਮਾਰ ਬਣਾਉਂਦਾ ਹੈ ਅਤੇ ਕੀ ਵੈਕਸੀਨ ਇਸ ਨੂੰ ਪ੍ਰਭਾਵਿਤ ਕਰਦੀ ਹੈ ਜਾਂ ਨਹੀਂ? ਡਬਲਿਊਐਚਓ ਨੇ ਕਿਹਾ ਕਿ ਮੌਜੂਦਾ ਸਬੂਤਾਂ ਦੇ ਆਧਾਰ 'ਤੇ, JN.1 ਦੁਆਰਾ ਪੈਦਾ ਹੋਏ ਵਾਧੂ ਗਲੋਬਲ ਜਨਤਕ ਸਿਹਤ ਜੋਖ਼ਮ ਨੂੰ ਵਰਤਮਾਨ ਵਿੱਚ ਘੱਟ ਮੰਨਿਆ ਜਾਂਦਾ ਹੈ।

ਰਾਈਟਰਜ਼ ਨੇ ਰਿਪੋਰਟ ਕੀਤੀ ਕਿ ਡਬਲਿਊਐਚਓ ਨੇ ਕਿਹਾ ਕਿ ਮੌਜੂਦਾ ਟੀਕੇ JN.1 ਅਤੇ ਕੋਵਿਡ -19 ਵਾਇਰਸ ਦੇ ਹੋਰ ਰੂਪਾਂ ਕਾਰਣ ਹੋਣ ਵਾਲੀ ਗੰਭੀਰ ਬਿਮਾਰੀ ਅਤੇ ਮੌਤ ਤੋਂ ਬਚਾਉਣ ਦੇ ਸਮਰੱਥ ਹਨ। ਵਾਇਰਸ ਤੇਜ਼ੀ ਨਾਲ ਬਦਲ ਰਿਹਾ ਹੈ ਅਤੇ ਵਿਕਸਿਤ ਹੋ ਰਿਹਾ ਹੈ। ਇਸ ਲਈ ਡਬਲਿਊਐਚਓ ਨੇ ਮੈਂਬਰ ਦੇਸ਼ਾਂ ਨੂੰ ਮਜ਼ਬੂਤ ਨਿਗਰਾਨੀ ਅਤੇ ਸੀਕਵੈਂਸ ਸ਼ੇਅਰਿੰਗ ਜਾਰੀ ਰੱਖਣ ਦੀ ਅਪੀਲ ਕੀਤੀ ਸੀ। ਹੁਣ ਤੱਕ ਅਮਰੀਕਾ, ਚੀਨ, ਸਿੰਗਾਪੁਰ, ਭਾਰਤ ਅਤੇ ਕੁੱਝ ਯੂਰਪੀ ਦੇਸ਼ਾਂ ਵਿੱਚ ਜੇਐਨ.1 ਦੇ ਕੇਸ ਦੇਖੇ ਜਾ ਚੁੱਕੇ ਹਨ।

**ਇਨ੍ਹਾਂ ਦੇਸ਼ਾਂ ’ਚ ਵੀ ਨਵਾਂ ਰੂਪ ਫੈਲਿਆ ਹੈ**

ਭਾਰਤ ਸਮੇਤ ਏਸ਼ੀਆ ਦੇ ਕਈ ਦੇਸ਼ਾਂ ਵਿੱਚ ਕੋਰੋਨਾ ਦੇ ਮਾਮਲੇ ਵੱਧ ਦੇ ਨਜ਼ਰ ਆ ਰਹੇ ਹਨ। ਚੀਨ, ਸਿੰਗਾਪੁਰ, ਇੰਡੋਨੇਸ਼ੀਆ, ਫਿਲੀਪੀਨਜ਼ ਅਤੇ ਮਲੇਸ਼ੀਆ ਵਿੱਚ ਕੋਵਿਡ ਦੇ ਮਾਮਲੇ ਵਧੇ ਹਨ। ਕ੍ਰਿਸਮਿਸ ਅਤੇ ਨਵੇਂ ਸਾਲ ਦੀਆਂ ਛੁੱਟੀਆਂ ਤੋਂ ਪਹਿਲਾਂ ਇਹ ਮਾਮਲੇ ਵੱਧ ਗਏ ਹਨ, ਜੋ ਚਿੰਤਾ ਦਾ ਵਿਸ਼ਾ ਹੈ। ਭਾਰਤ ਦੇ ਸੂਬੇ ਕੇਰਲ ’ਚ ਮਾਮਲਿਆਂ ਤੋਂ ਬਾਅਦ ਗੁਆਂਢੀ ਰਾਜਾਂ ਤਾਮਿਲਨਾਡੂ ਅਤੇ ਕਰਨਾਟਕ ਦੀ ਚਿੰਤਾ ਵੱਧ ਗਈ ਹੈ। ਹਾਲਾਂਕਿ, ਮਾਹਿਰਾਂ ਦਾ ਕਹਿਣਾ ਹੈ ਕਿ ਇਸ ਦੇ ਲੱਛਣ ਬਹੁਤ ਆਮ ਹਨ ਅਤੇ ਚਿੰਤਾ ਕਰਨ ਦੀ ਕੋਈ ਲੋੜ ਨਹੀਂ ਹੈ। ਇਸ ਦੇ ਮਾਮਲੇ ਸਤੰਬਰ ਵਿੱਚ ਪਹਿਲੀ ਵਾਰ ਅਮਰੀਕਾ ਵਿੱਚ ਦੇਖੇ ਗਏ ਸਨ। ਉਦੋਂ ਤੋਂ ਇਹ 11 ਦੇਸ਼ਾਂ ਵਿੱਚ ਫੈਲ ਚੁੱਕਾ ਹੈ।

# ਲੋਕ ਸਭਾ ’ਚ ਸਰਕਾਰ ਵੱਲੋਂ ਅਪਰਾਧਿਕ ਕਾਨੂੰਨਾਂ ਦੀ ਥਾਂ ਲਿਆਂਦੇ ਤਿੰਨ ਬਿੱਲਾਂ ਨੂੰ ਮਨਜ਼ੂਰੀ

**ਨਵੀਂ ਦਿੱਲੀ** – 20 ਦਸੰਬਰ ਨੂੰ ਲੋਕ ਸਭਾ ਨੇ ਬਸਤੀਵਾਦੀ ਯੁੱਗ ਤੋਂ ਚੱਲ ਰਹੇ ਤਿੰਨ ਅਪਰਾਧਿਕ ਕਾਨੂੰਨਾਂ ਨੂੰ ਬਦਲਣ ਲਈ ਸਰਕਾਰ ਵੱਲੋਂ ਲਿਆਂਦੇ ਬਿੱਲਾਂ ਨੂੰ ਮਨਜ਼ੂਰੀ ਦਿੱਤੀ ਗਈ ਹੈ। ਲੋਕ ਸਭਾ 'ਚ ਲੰਮੀ ਚਰਚਾ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਜਵਾਬ ਤੋਂ ਬਾਅਦ ਸਦਨ ਨੇ ਭਾਰਤੀ ਨਿਆਏ ਸਹਿੰਤਾ (ਬੀਐਨਐਸ) ਬਿੱਲ, 2023, ਭਾਰਤੀ ਨਿਆਏ ਸੁਰਕਸ਼ਾ ਸਹਿੰਤਾ (ਬੀਐਨਐਸਐਸ) ਬਿੱਲ, 2023 ਅਤੇ ਭਾਰਤੀ ਸਾਕਸ਼ਯ (ਸਬੂਤ) ਬਿੱਲ 2023 ਨੂੰ ਪਾਸ ਕਰ ਦਿੱਤਾ। ਪਾਸ ਕੀਤੇ ਗਏ ਇਹ ਤਿੰਨ ਬਿੱਲ ਭਾਰਤੀ ਦੰਡਾਵਲੀ (ਆਈਪੀਸੀ), 1860, ਕੋਡ ਆਫ਼ ਕ੍ਰਿਮੀਨਲ ਪ੍ਰੋਸੀਜ਼ਰ (ਸੀਆਰਪੀਸੀ), 1898 ਅਤੇ ਭਾਰਤੀ ਸਬੂਤ ਐਕਟ 1872 ਨੂੰ ਬਦਲਣ ਲਈ ਲਿਆਂਦੇ ਗਏ ਹਨ।



# ਸੰਸਦੀ ਸੁਰੱਖਿਆ ’ਚ ਖ਼ਾਮੀ : ਨਵੀਂ ਲੋਕ ਸਭਾ ਦੀ ਦਰਸ਼ਕ ਗੈਲਰੀ ’ਚੋਂ 2 ਨੌਜਵਾਨਾਂ ਨੇ ਸਦਨ ’ਚ ਛਾਲ ਮਾਰੀ




**ਨਵੀਂ ਦਿੱਲੀ** – 13 ਦਸੰਬਰ ਦਿਨ ਬੁੱਧਵਾਰ ਨੂੰ ਸੰਸਦੀ ਸੁਰੱਖਿਆ ਵਿੱਚ ਉਸ ਵੇਲੇ ਵੱਡੀ ਖ਼ਾਮੀ ਸਾਹਮਣੇ ਆਈ ਜਦੋਂ ਨਵੀਂ ਲੋਕ ਸਭਾ ਦੀ ਕਾਰਵਾਈ ਦੌਰਾਨ ਨੌਜਵਾਨਾਂ ਨੇ ਦਰਸ਼ਕ ਗੈਲਰੀ ’ਚੋਂ ਸਦਨ ਵਿੱਚ ਛਾਲ ਮਾਰ ਦਿੱਤੀ। ਇੱਕ ਨੌਜਵਾਨ ਸੰਸਦ ਮੈਂਬਰਾਂ ਦੇ ਬੈਂਚਾਂ ਤੋਂ ਛਾਲਾਂ ਮਾਰਦਾ ਰਿਹਾ। ਸੰਸਦ ਮੈਂਬਰਾਂ ਨੇ ਉਨ੍ਹਾਂ ਨੂੰ ਫੜ ਲਿਆ। ਇਸ ਤੋਂ ਬਾਅਦ ਸਦਨ ਦੀ ਕਾਰਵਾਈ ਬਾਅਦ ਦੁਪਹਿਰ ਦੋ ਵਜੇ ਤੱਕ ਮੁਲਤਵੀ ਕਰ ਦਿੱਤੀ ਗਈ। ਕੁੱਝ ਸੰਸਦ ਮੈਂਬਰਾਂ ਦਾ ਕਹਿਣਾ ਹੈ ਕਿ ਸਦਨ ਵਿੱਚ ਛਾਲ ਮਾਰਨ ਵਾਲਿਆਂ ਨੇ ਕੋਈ ਪਦਾਰਥ ਛਿੜਕਿਆ, ਜਿਸ ਕਾਰਨ ਗੈਸ ਫੈਲ ਗਈ।

ਇਸ ਦੌਰਾਨ ਸਪੀਕਰ ਓਮ ਬਿਰਲਾ ਨੇ ਕਿਹਾ ਕਿ ਦੋਵਾਂ ਨੌਜਵਾਨਾਂ ਨੂੰ ਕਾਬੂ ਕਰ ਲਿਆ ਹੈ ਤੇ ਜਾਂਚ ਦੇ ਹੁਕਮ ਦੇ ਦਿੱਤੇ ਹਨ। ਉਨ੍ਹਾਂ ਕਿਹਾ ਕਿ ਨੌਜਵਾਨਾਂ ਵੱਲੋਂ ਸਦਨ ਅੰਦਰ ਛੱਡਿਆ ਧੂੰਆਂ ਸਧਾਰਨ ਸੀ ਤੇ ਇਸ ਤੋ ਕਿਸੇ ਨੂੰ ਕੋਈ ਨੁਕਸਾਨ ਨਹੀਂ ਹੋਇਆ।

ਸੰਸਦ ਭਵਨ ਦੇ ਬਾਹਰ ਪੀਲੇ ਧੂੰਏਂ ਦੇ ਕੈਨ ਨਾਲ ਪ੍ਰਦਰਸ਼ਨ ਕਰ ਰਹੇ ਪੁਰਸ਼ ਤੇ ਔਰਤ ਨੂੰ ਅੱਜ ਹਿਰਾਸਤ ’ਚ ਲਿਆ ਗਿਆ। ਪੁਲੀਸ ਦੱਸਿਆ ਕਿ ਨੀਲਮ (42) ਅਤੇ ਅਮੋਲ ਸ਼ਿੰਦੇ (25) ਨੂੰ ਟਰਾਂਸਪੋਰਟ ਭਵਨ ਦੇ ਸਾਹਮਣੇ ਤੋਂ ਹਿਰਾਸਤ ’ਚ ਲਿਆ ਗਿਆ ਹੈ ਅਤੇ ਅਗਲੀ ਜਾਂਚ ਕੀਤੀ ਜਾ ਰਹੀ ਹੈ। ਘਟਨਾ ਤੋਂ ਬਾਅਦ ਇਲਾਕੇ ’ਚ ਸੁਰੱਖਿਆ ਵਧਾ ਦਿੱਤੀ ਗਈ।

ਬੁੱਧਵਾਰ ਨੂੰ ਸੰਸਦ ਦੀ ਸੁਰੱਖਿਆ ਦੌਰਾਨ ਹੋਈ ਚੋਰੀ ਦੀ ਘਟਨਾ ਵਿੱਚ ਸ਼ਾਮਲ ਛੇ ਵਿੱਚੋਂ ਪੰਜ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਪੁਲਿਸ ਨੇ ਇਹ ਜਾਣਕਾਰੀ ਦਿੱਤੀ। ਪੁਲੀਸ ਮੁਤਾਬਿਕ ਛੇ ਮੁਲਜ਼ਮਾਂ ਨੇ ਸੋਚੀ ਸਮਝੀ ਸਾਜ਼ਿਸ਼ ਰਾਹੀਂ ਸੰਸਦ ਦੀ ਸੁਰੱਖਿਆ ਨੂੰ ਭੰਗ ਕੀਤਾ। ਪੁਲਿਸ ਨੇ ਦੱਸਿਆ ਕਿ ਮੁਲਜ਼ਮ ਅਮੋਲ ਸ਼ਿੰਦੇ ਅਤੇ ਨੀਲਮ ਨੂੰ ਸੰਸਦ ਭਵਨ ਦੇ ਬਾਹਰੋਂ ਫੜਿਆ ਗਿਆ, ਜਦੋਂ ਕਿ ਸਾਗਰ ਸ਼ਰਮਾ ਅਤੇ ਮਨੋਰੰਜਨ ਡੀ ਨੂੰ ਲੋਕ ਸਭਾ ਦੇ ਅੰਦਰੋਂ ਫੜਿਆ ਗਿਆ। ਪੁਲਿਸ ਨੂੰ ਸ਼ੱਕ ਹੈ ਕਿ ਉਸ ਦੇ ਦੋ ਹੋਰ ਸਾਥੀ ਲਲਿਤ ਅਤੇ ਵਿਸ਼ਾਲ ਵੀ ਹਨ। ਖ਼ਬਰ ਮੁਤਾਬਿਕ ਵਿਸ਼ਾਲ ਨੂੰ ਗੁਰੂਗ੍ਰਾਮ ਤੋਂ ਹਿਰਾਸਤ ’ਚ ਲਿਆ ਗਿਆ ਹੈ, ਜਦੋਂ ਕਿ ਲਲਿਤ ਨੂੰ ਬਾਅਦ ਵਿੱਚ ਫੜ ਲਿਆ ਗਿਆ। ਸਾਗਰ ਸ਼ਰਮਾ ਅਤੇ ਮਨੋਰੰਜਨ ਡੀ ਨੇ ਸਿਫ਼ਰ ਕਾਲ ਦੌਰਾਨ ਦਰਸ਼ਕ ਗੈਲਰੀ ਤੋਂ ਲੋਕ ਸਭਾ ਵਿੱਚ ਛਾਲ ਮਾਰ ਦਿੱਤੀ ਸੀ ਅਤੇ ਪੀਲੀ ਗੈਸ ਫੈਲਾਈ ਅਤੇ ਨਾਅਰੇ ਲਗਾਏ। ਹਾਲਾਂਕਿ ਸੰਸਦ ਮੈਂਬਰਾਂ ਨੇ ਉਸ ਨੂੰ ਫੜ ਲਿਆ। ਉਸੇ ਸਮੇਂ ਸੰਸਦ ਭਵਨ ਦੇ ਬਾਹਰ ਅਮੋਲ ਸ਼ਿੰਦੇ ਅਤੇ ਨੀਲਮ ਨੇ ਡੱਬਿਆਂ ਵਿੱਚੋਂ ਲਾਲ ਅਤੇ ਪੀਲਾ ਧੂੰਆਂ ਫੈਲਾਇਆ ਅਤੇ ਨਾਅਰੇ ਲਾਏ ਕਿ ਤਾਨਾਸ਼ਾਹੀ ਨਹੀਂ ਚੱਲੇਗੀ।

ਹੁਣ ਸੁਰੱਖਿਆ ਏਜੰਸੀਆਂ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੀਆਂ ਹਨ ਕਿ ਕੀ ਉਨ੍ਹਾਂ ਨੂੰ ਕਿਸੇ ਵਿਅਕਤੀ ਜਾਂ ਕਿਸੇ ਸੰਗਠਨ ਨੇ ਨਿਰਦੇਸ਼ ਦਿੱਤਾ ਸੀ। ਉਸ ਅਨੁਸਾਰ ਪੁੱਛਗਿੱਛ ਦੌਰਾਨ ਅਮੋਲ ਨੇ ਦੱਸਿਆ ਕਿ ਉਹ ਕਿਸਾਨ ਅੰਦੋਲਨ, ਮਨੀਪੁਰ ਸੰਕਟ, ਬੇਰੁਜ਼ਗਾਰੀ ਵਰਗੇ ਮੁੱਦਿਆਂ ਤੋਂ ਪ੍ਰੇਸ਼ਾਨ ਸੀ, ਇਸ ਲਈ ਉਸ ਨੇ ਇਹ ਕਦਮ ਚੁੱਕਿਆ।

ਜ਼ਿਕਰਯੋਗ ਹੈ ਕਿ ਅੱਜ ਹੀ ਦੇ ਦਿਨ 2001 ’ਚ ਸੰਸਦ ’ਤੇ ਹੋਏ ਅਤਿਵਾਦੀ ਹਮਲੇ ਦੀ ਬਰਸੀ ’ਤੇ ਸੁਰੱਖਿਆ ’ਚ ਖ਼ਾਮੀ ਨਜ਼ਰ ਆਈ ਹੈ। ਪਾਕਿਸਤਾਨ ਸਥਿਤ ਲਸ਼ਕਰ–ਏ–ਤੋਇਬਾ ਅਤੇ ਜੈਸ਼–ਏ–ਮੁਹੰਮਦ ਸੰਗਠਨਾਂ ਦੇ ਅਤਿਵਾਦੀਆਂ ਨੇ 2001 ’ਚ ਅੱਜ ਦੇ ਹੀ ਦਿਨ ਪੁਰਾਣੀ ਸੰਸਦ ਕੰਪਲੈਕਸ ’ਤੇ ਹਮਲਾ ਕੀਤਾ ਸੀ।

# ਬਾਲੀਵੁੱਡ ਅਦਾਕਾਰ ਜੂਨੀਅਰ ਮਹਿਮੂਦ ਦਾ ਦੇਹਾਂਤ



**ਮੁੰਬਈ –** 'ਕਾਰਵਾਂ', 'ਹਾਥੀ ਮੇਰੇ ਸਾਥੀ' ਅਤੇ 'ਮੇਰਾ ਨਾਮ ਜੋਕਰ' ਜਿਹੀਆਂ ਫ਼ਿਲਮਾਂ 'ਚ ਆਪਣੀ ਬਿਹਤਰੀਨ ਅਦਾਕਾਰੀ ਲਈ ਜਾਣੇ ਜਾਂਦੇ ਅਦਾਕਾਰ ਜੂਨੀਅਰ ਮਹਿਮੂਦ ਦਾ 8 ਦਸੰਬਰ ਨੂੰ ਕੈਂਸਰ ਕਾਰਨ ਦੇਹਾਂਤ ਹੋ ਗਿਆ। ਜੂਨੀਅਰ ਮਹਿਮੂਦ ਦਾ ਅਸਲੀ ਨਾਂ ਨਈਮ ਸਈਦ ਸੀ। ਉਨ੍ਹਾਂ ਦਾ ਜਨਮ 15 ਨਵੰਬਰ 1956 ਨੂੰ ਹੋਇਆ ਸੀ, ਉਹ 68 ਸਾਲਾਂ ਦੇ ਸਨ।

ਜੂਨੀਅਰ ਮਹਿਮੂਦ ਦੇ ਛੋਟੇ ਬੇਟੇ ਹਸਨੈਨ ਸੱਯਦ ਨੇ ਦੱਸਿਆ, 'ਮੇਰੇ ਪਿਤਾ ਪੇਟ ਦੇ ਕੈਂਸਰ ਨਾਲ ਜੂਝ ਰਹੇ ਸਨ ਅਤੇ ਉਨ੍ਹਾਂ ਦਾ ਵੀਰਵਾਰ ਤੇ ਸ਼ੁੱਕਰਵਾਰ ਦੀ ਦਰਮਿਆਨੀ ਰਾਤ ਦੋ ਵਜੇ ਦੇਹਾਂਤ ਹੋ ਗਿਆ। ਉਨ੍ਹਾਂ ਦੀ ਹਾਲਤ ਪਿਛਲੇ 17 ਦਿਨ ਤੋਂ ਗੰਭੀਰ ਬਣੀ ਹੋਈ ਸੀ। ਉਨ੍ਹਾਂ ਦਾ ਇੱਕ ਮਹੀਨੇ 'ਚ 35 ਤੋਂ 40 ਕਿੱਲੋਗ੍ਰਾਮ ਵਜ਼ਨ ਘਟ ਗਿਆ ਸੀ'। ਜੂਨੀਅਰ ਮਹਿਮੂਦ ਆਪਣੇ ਪਿੱਛੇ ਪਰਿਵਾਰ 'ਚ ਆਪਣੀ ਪਤਨੀ ਅਤੇ ਦੋ ਬੇਟੇ ਛੱਡ ਗਏ ਹਨ।

ਜੂਨੀਅਰ ਮਹਿਮੂਦ ਦਾ ਅਸਲੀ ਨਾਂ ਨਈਮ ਸੱਯਦ ਸੀ। ਉਨ੍ਹਾਂ ਹਿੰਦੀ ਫ਼ਿਲਮਾਂ 'ਚ ਇੱਕ ਬਾਲ ਕਲਾਕਾਰ ਵਜੋਂ 'ਮੁਹੱਬਤ ਜ਼ਿੰਦਗੀ ਹੈ' (1966) ਅਤੇ 'ਨੌਨਿਹਾਲ' (1967) ਤੋਂ ਫ਼ਿਲਮੀ ਕੈਰੀਅਰ ਦੀ ਸ਼ੁਰੂਆਤ ਕੀਤੀ ਸੀ, ਇਸ ਫਿਲਮ 'ਚ ਉਨ੍ਹਾਂ ਦੇ ਕਿਰਦਾਰ ਦਾ ਨਾਂ 'ਬਿੱਲੂ' ਸੀ, ਉਸ ਨੇ ਪਿਤਾ ਕਾਮੇਡੀ ਕਲਾਕਾਰ ਮਹਿਮੂਦ ਨਾਲ 1968 'ਚ ਰਿਲੀਜ਼ ਹੋਈ ਫਿਲਮ 'ਸੁਹਾਗ ਰਾਤ' 'ਚ ਕੰਮ ਕੀਤਾ ਸੀ ਅਤੇ ਇਸੇ ਦੌਰਾਨ ਪਿਤਾ ਨੇ ਸੱਯਦ ਨੂੰ ਜੂਨੀਅਰ ਮਹਿਮੂਦ ਦਾ ਨਾਂ ਦਿੱਤਾ ਸੀ।

ਜੂਨੀਅਰ ਮਹਿਮੂਦ ਨੇ ਅਦਾਕਾਰ ਜਤਿੰਦਰ ਤੇ ਸਚਿਨ ਪਿਲਗਾਂਵਕਰ ਨੂੰ ਮਿਲਣ ਦੀ ਇੱਛਾ ਜ਼ਾਹਿਰ ਕੀਤੀ ਸੀ ਜਿਸ ਮਗਰੋਂ ਦੋਵਾਂ ਨੇ ਲੰਘੇ ਮੰਗਲਵਾਰ ਨੂੰ ਉਨ੍ਹਾਂ ਨਾਲ ਮੁਲਾਕਾਤ ਕੀਤੀ। ਜਤਿੰਦਰ ਨੇ 'ਸੁਹਾਗ ਰਾਤ' ਅਤੇ 'ਕਾਰਵਾਂ' ਸਮੇਤ ਕਈ ਫ਼ਿਲਮਾਂ 'ਚ ਜੂਨੀਅਰ ਮਹਿਮੂਦ ਨਾਲ ਕੰਮ ਕੀਤਾ ਸੀ। ਜੂਨੀਅਰ ਮਹਿਮੂਦ ਨੇ ਸੱਤ ਭਾਸ਼ਾਵਾਂ 'ਚ 260 ਤੋਂ ਵੱਧ ਫ਼ਿਲਮਾਂ 'ਚ ਅਦਾਕਾਰੀ ਕੀਤੀ। ਉਨ੍ਹਾਂ ਦੀਆਂ ਮਸ਼ਹੂਰ ਫ਼ਿਲਮਾਂ ਵਿੱਚ 'ਬ੍ਰਹਮਚਾਰੀ', 'ਕਟੀ ਪਤੰਗ', 'ਹਰੇ ਰਾਮਾ ਹਰੇ ਕ੍ਰਿਸ਼ਨਾ', 'ਦੋ ਔਰ ਦੋ ਪੰਚ', 'ਪਰਵਾਰਿਸ਼', 'ਗੀਤ ਗਾਤਾ ਚਲ', 'ਇਮਾਨਦਾਰ', 'ਬਾਪ ਨੰਬਰੀ ਬੇਟਾ ਦਸ ਨੰਬਰੀ', 'ਆਜ ਕਾ ਅਰਜੁਨ', 'ਮੇਰਾ ਨਾਮ ਜੋਕਰ', 'ਗੁਰੂਦੇਵ', 'ਛੋਟੇ ਸਰਕਾਰ' ਅਤੇ 'ਜੁਦਾਈ' ਜਿਹੀਆਂ ਫ਼ਿਲਮਾਂ ਸ਼ਾਮਲ ਹਨ। ਜੂਨੀਅਰ ਮਹਿਮੂਦ ਨੇ 1965 ਵਿੱਚ ਰਿਲੀਜ਼ ਹੋਈ ਫਿਲਮ 'ਗੁਮਨਾਮ' ਵਿੱਚ ਮਹਿਮੂਦ ਦੇ ਮਸ਼ਹੂਰ ਗੀਤ 'ਹਮ ਕਾਲੇ ਹੈਂ ਤੋ ਕਿਆ ਹੁਆ' 'ਤੇ 1968 ਵਿੱਚ ਸ਼ੰਮੀ ਕਪੂਰ ਦੀ ਫਿਲਮ 'ਬ੍ਰਹਮਚਾਰੀ' ਵਿੱਚ ਨ੍ਰਿਤ ਕਰਕੇ ਵਾਹਵਾਹੀ ਖੱਟੀ ਸੀ। ਉਨ੍ਹਾਂ ਆਪਣੇ ਪਿਤਾ ਮਹਿਮੂਦ ਦੇ ਅੰਦਾਜ਼ ਦੀ ਨਕਲ ਕਰਦਿਆਂ ਇਸ ਗੀਤ 'ਤੇ ਨਾ ਸਿਰਫ਼ ਨ੍ਰਿਤ ਕੀਤਾ ਸੀ ਬਲਕਿ ਮਹਿਮੂਦ ਦੀ ਤਰ੍ਹਾਂ ਹੀ ਧਾਰੀਦਾਰ ਟੀ-ਸ਼ਰਟ ਤੇ ਲੁੰਗੀ ਪਾ ਕੇ ਆਪਣੇ ਚਿਹਰੇ 'ਤੇ ਕਾਲਾ ਰੰਗ ਵੀ ਲਾਇਆ ਸੀ। ਉਨ੍ਹਾਂ 'ਪਿਆਰ ਕਾ ਦਰਦ ਹੈ ਮੀਠਾ ਮੀਠਾ ਪਿਆਰਾ ਪਿਆਰਾ' ਅਤੇ 'ਏਕ ਰਿਸ਼ਤਾ ਸਾਂਝੇਦਾਰੀ ਕਾ' ਜਿਹੇ ਟੀਵੀ ਸੀਰੀਅਲਾਂ ਅਤੇ ਅਖੀਰ 'ਚ'ਤੇਨਾਲੀ ਰਾਮ' ਵਿੱਚ ਵੀ ਅਦਾਕਾਰੀ ਕੀਤੀ।

ਅਭਿਨੇਤਾ ਹੋਣ ਦੇ ਨਾਲ-ਨਾਲ ਜੂਨੀਅਰ ਮਹਿਮੂਦ ਇੱਕ ਗਾਇਕ ਵੀ ਸੀ। ਹਿੰਦੀ ਦੇ ਨਾਲ-ਨਾਲ ਉਨ੍ਹਾਂ ਨੇ ਮਰਾਠੀ ਫ਼ਿਲਮਾਂ 'ਚ ਵੀ ਕੰਮ ਕੀਤਾ। ਜੂਨੀਅਰ ਮਹਿਮੂਦ ਨੇ 1971 'ਚ ਰਿਲੀਜ਼ ਹੋਈ 'ਹਾਥੀ ਮੇਰੇ ਸਾਥੀ' ਵਿੱਚ 'ਛੋਟੇ' ਦਾ ਕਿਰਦਾਰ ਨਿਭਾਇਆ ਸੀ। ਰਾਜੇਸ਼ ਖੰਨਾ ਦੀ ਇਸ ਸੁਪਰਹਿੱਟ ਫਿਲਮ ਨਾਲ ਉਹ ਸਾਰਿਆਂ ਦੀਆਂ ਨਜ਼ਰਾਂ 'ਚ ਮਸ਼ਹੂਰ ਹੋ ਗਏ। ਆਪਣੇ ਕੈਰੀਅਰ ਵਿੱਚ ਜੂਨੀਅਰ ਮਹਿਮੂਦ ਨੇ 90 ਤੋਂ ਵੱਧ ਫ਼ਿਲਮਾਂ ਵਿੱਚ ਕੰਮ ਕੀਤਾ।

ਜੂਨੀਅਰ ਮਹਿਮੂਦ ਮਹਿਜ਼ 9 ਸਾਲ ਦੀ ਉਮਰ ਤੋਂ ਫ਼ਿਲਮਾਂ ਵਿੱਚ ਕੰਮ ਕਰ ਰਹੇ ਸਨ। ਫਿਲਮ ਲਾਈਨ 'ਚ ਆਉਣ ਦੀ ਕਹਾਣੀ ਇਸ ਤਰ੍ਹਾਂ ਹੈ, ਜੂਨੀਅਰ ਮਹਿਮੂਦ ਦਾ ਵੱਡਾ ਭਰਾ ਫ਼ੋਟੋਗ੍ਰਾਫਰ ਸੀ। ਉਹ ਫ਼ਿਲਮਾਂ ਦੇ ਸੈਟ 'ਤੇ ਫ਼ੋਟੋਗ੍ਰਾਫੀ ਕਰਦਾ ਸੀ ਅਤੇ ਜੂਨੀਅਰ ਉਸ ਦੇ ਨਾਲ ਜਾਂਦਾ ਸੀ। ਇੱਕ ਦਿਨ ਫਿਲਮ 'ਕਿਤਨਾ ਨਰਿਕ ਹੈ ਦਿਲ' ਦੇ ਸੈਟ 'ਤੇ, ਜੂਨੀਅਰ ਨੇ ਦੇਖਿਆ ਕਿ ਇੱਕ ਬਾਲ ਕਲਾਕਾਰ ਨੂੰ ਡਾਇਲਾਗ ਡਿਲੀਵਰੀ ਵਿੱਚ ਮੁਸ਼ਕਲ ਆ ਰਹੀ ਸੀ। ਫਿਰ ਉਸ ਨੇ ਉਸ ਬਾਲ ਕਲਾਕਾਰ ਦਾ ਮਜ਼ਾਕ ਉਡਾਇਆ। ਉੱਥੇ ਮੌਜੂਦ ਡਾਇਰੈਕਟਰ ਨੇ ਵੀ ਇਹ ਗੱਲ ਸੁਣੀ। ਉਸ ਨੇ ਜੂਨੀਅਰ ਨੂੰ ਪੁੱਛਿਆ ਕਿ ਕੀ ਉਹ ਇਹ ਸੰਵਾਦ ਬੋਲ ਸਕਦਾ ਹੈ, ਜੂਨੀਅਰ ਸਹਿਮਤ ਹੋ ਗਿਆ। ਇਹ ਪਹਿਲੀ ਵਾਰ ਸੀ ਜਦੋਂ ਜੂਨੀਅਰ ਮਹਿਮੂਦ ਕੈਮਰੇ ਦੇ ਸਾਹਮਣੇ ਆਏ ਸਨ। ਹਾਲਾਂਕਿ ਇਹ ਫਿਲਮ ਕਦੇ ਰਿਲੀਜ਼ ਨਹੀਂ ਹੋ ਸਕੀ।

ਜੂਨੀਅਰ ਮਹਿਮੂਦ ਨੇ 70 ਦੇ ਦਹਾਕੇ ਵਿੱਚ, ਜੂਨੀਅਰ ਮਹਿਮੂਦ ਇੱਕ ਬਾਲ ਕਲਾਕਾਰ ਵਜੋਂ ਆਪਣੇ ਫ਼ਿਲਮੀ ਕੈਰੀਅਰ ਦੇ ਸਿਖਰ 'ਤੇ ਸੀ। ਉਸ ਦੀ ਪ੍ਰਸਿੱਧੀ ਅਤੇ ਕਮਾਈ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਉਸ ਨੇ ਵਿਦੇਸ਼ ਤੋਂ ਆਪਣੇ ਲਈ ਕਾਰ ਮੰਗਵਾਈ ਸੀ। ਉਸ ਸਮੇਂ ਮੁੰਬਈ ਵਿੱਚ ਉਸ ਸਮੇਤ ਸਿਰਫ਼ 12 ਲੋਕ ਹੀ ਸਨ ਜਿਨ੍ਹਾਂ ਕੋਲ ਉਹ ਕਾਰ ਸੀ।

ਸਾਲ 2011 'ਚ ਜੂਨੀਅਰ ਮਹਿਮੂਦ ਨੂੰ ਆਖ਼ਰੀ ਵਾਰ ਵੱਡੇ ਪਰਦੇ 'ਤੇ ਫਿਲਮ 'ਜਾਨਾ ਪੜ੍ਹਾ' ਵਿੱਚ ਦੇਖਿਆ ਗਿਆ ਸੀ। ਰਾਜਸ਼੍ਰੀ ਪ੍ਰੋਡਕਸ਼ਨ ਦੇ ਬੈਨਰ ਹੇਠ ਬਣੀ ਇਸ ਫਿਲਮ ਦਾ ਨਿਰਦੇਸ਼ਨ ਸਚਿਨ ਪਿਲਗਾਂਵਕਰ ਨੇ ਕੀਤਾ ਸੀ।

ਜੂਨੀਅਰ ਮਹਿਮੂਦ ਨੂੰ ਵੀ ਫਿਲਮ ਨਿਰਮਾਣ ਵਿੱਚ ਬਹੁਤ ਦਿਲਚਸਪੀ ਸੀ। ਉਸ ਨੇ ਮਰਾਠੀ ਵਿੱਚ 'ਮਸਕਾਰੀ', 'ਪਾਗਲਪਨ', 'ਕਰਮਯੋਗ' ਅਤੇ 'ਤੁਲਸ ਆਲੀ ਘਰ' ਵਰਗੀਆਂ ਫ਼ਿਲਮਾਂ ਵੀ ਬਣਾਈਆਂ।

# 'ਬਾਰਡਰ 2' ਫਿਲਮ ਦੇ ਸੀਕਵਲ ਦਾ ਨਿਰਦੇਸ਼ਨ ਜੇਪੀ ਦੱਤਾ ਦੀ ਬੇਟੀ ਨਿਧੀ ਕਰੇਗੀ




**ਬਾਲੀਵੁੱਡ –** 'ਗਦਰ 2' ਦੀ ਸੁਪਰ ਕਾਮਯਾਬੀ ਦੇ ਬਾਅਦ ਤੋਂ ਹੀ 'ਬਾਰਡਰ 2' ਦੀਆਂ ਚਰਚਾਵਾਂ ਗਰਮ ਹਨ। ਸਾਲ 1997 'ਚ ਰਿਲੀਜ਼ ਹੋਈ ਫਿਲਮ 'ਬਾਰਡਰ' ਨੇ ਸਫਲਤਾ ਦੇ ਸਾਰੇ ਰਿਕਾਰਡ ਤੋੜ ਦਿੱਤੇ ਸਨ। ਹੁਣ ਇੱਕ ਵਾਰ ਮੁੜ ਜੇਪੀ ਦੱਤਾ ਆਪਣੀ ਆਈਕੋਨਿਕ ਫਿਲਮ ਦੀ ਸਫਲਤਾ ਨੂੰ ਦੁਹਰਾਉਣ ਦੀ ਤਿਆਰੀ ਕਰ ਰਹੇ ਹਨ। ਫਿਲਮ ਦੀ ਕਾਸਟ ਨੂੰ ਲੈ ਕੇ ਪਹਿਲਾਂ ਹੀ ਖ਼ਬਰ ਆ ਚੁੱਕੀ ਹੈ ਕਿ ਇਸ ਵਾਰ ਅਦਾਕਾਰ ਸੰਨੀ ਦਿਓਲ ਦੇ ਨਾਲ ਅਦਾਕਾਰ ਆਯੁਸ਼ਮਾਨ ਖੁਰਾਨਾ ਦੁਸ਼ਮਣਾਂ ਨਾਲ ਲੜਦੇ ਨਜ਼ਰ ਆਉਣਗੇ।

ਹਾਲਾਂਕਿ ਇਹ ਸਪੱਸ਼ਟ ਨਹੀਂ ਹੋ ਸਕਿਆ ਹੈ ਕਿ 'ਬਾਰਡਰ 2' ਦਾ ਨਿਰਦੇਸ਼ਨ ਜੇਪੀ ਦੱਤਾ ਕਰਨਗੇ ਜਾਂ ਕੋਈ ਹੋਰ। ਪਰ ਹੁਣ ਚਰਚਾ ਹੈ ਕਿ ਜੇਪੀ ਦੱਤਾ ਦੀ ਬੇਟੀ, ਨਿਰਮਾਤਾ ਅਤੇ ਲੇਖਕ ਨਿਧੀ ਦੱਤਾ ਇਸ ਸੀਕਵਲ ਫਿਲਮ ਦਾ ਨਿਰਦੇਸ਼ਨ ਕਰੇਗੀ। ਇਸ ਫਿਲਮ ਦੀ ਸ਼ੂਟਿੰਗ ਵੀ ਸਾਲ 2024 ਦੀ ਪਹਿਲੀ ਤਿਮਾਹੀ 'ਚ ਸ਼ੁਰੂ ਹੋਣ ਜਾ ਰਹੀ ਹੈ।

ਜੇਪੀ ਦੱਤਾ ਦੀ ਬੇਟੀ ਨਿਧੀ ਹੁਣ ਆਪਣੇ ਪਿਤਾ ਦਾ ਸਾਰਾ ਫਿਲਮ ਨਿਰਮਾਣ ਦਾ ਕਾਰੋਬਾਰ ਸੰਭਾਲ ਰਹੀ ਹੈ। ਦੱਸਿਆ ਜਾ ਰਿਹਾ ਹੈ ਕਿ 'ਬਾਰਡਰ 2' ਦੀ ਸਕ੍ਰਿਪਟ ਤਿਆਰ ਹੈ ਅਤੇ ਇਸ ਨੂੰ ਮਾਸਟਰਪੀਸ ਬਣਾਉਣ ਦੀਆਂ ਤਿਆਰੀਆਂ ਚੱਲ ਰਹੀਆਂ ਹਨ। ਸੰਨੀ ਦਿਓਲ ਤੋਂ ਇਲਾਵਾ 1997 'ਚ ਰਿਲੀਜ਼ ਹੋਈ 'ਬਾਰਡਰ' ਵਿੱਚ ਅਦਾਕਾਰ ਸੁਨੀਲ ਸ਼ੈਟੀ, ਅਦਾਕਾਰ ਅਕਸ਼ੇ ਖੰਨਾ ਅਤੇ ਅਦਾਕਾਰ ਜੈਕੀ ਸ਼ਰਾਫ ਵੀ ਸਨ। ਹੁਣ ਇੱਕ ਵਾਰ ਮੁੜ ਸੰਨੀ ਦਿਓਲ ਇਸ ਦੇ ਸੀਕਵਲ ਵਿੱਚ ਕਾਸਟ ਦੀ ਅਗਵਾਈ ਕਰਨਗੇ। 'ਬਾਰਡਰ 2' ਫਿਲਮ 1971 ਦੀ ਭਾਰਤ-ਪਾਕਿਸਤਾਨ ਜੰਗ ਦੇ ਇਤਿਹਾਸਕ ਪਿਛੋਕੜ 'ਤੇ ਆਧਾਰਿਤ ਹੋਵੇਗੀ।

ਨਿਧੀ ਦੱਤਾ ਦੇਸ਼ ਦੀ ਸਭ ਤੋਂ ਵੱਡੀ ਜੰਗ ਫਿਲਮ ਬਣਾਉਣਾ ਚਾਹੁੰਦੀ ਹੈ, ਖ਼ਬਰਾਂ ਦੀ ਮੰਨੀਏ ਤਾਂ ਫਿਲਮ ਨਾਲ ਜੁੜੇ ਇਕ ਸੂਤਰ ਨੇ ਖ਼ੁਲਾਸਾ ਕੀਤਾ ਹੈ ਕਿ ਨਿਧੀ ਦੱਤਾ 'ਬਾਰਡਰ 2' ਨੂੰ ਦੇਸ਼ 'ਚ ਬਣੀ ਹੁਣ ਤੱਕ ਦੀ ਸਭ ਤੋਂ ਵੱਡੀ ਜੰਗੀ ਫਿਲਮ ਦੇ ਰੂਪ 'ਚ ਦੇਖਦੀ ਹੈ। ਇਸ ਵਿੱਚ ਉਹ ਭਾਰਤੀ ਸੈਨਾ, ਜਲ ਸੈਨਾ ਅਤੇ ਹਵਾਈ ਸੈਨਾ ਦੇ ਯਤਨਾਂ ਨੂੰ ਇੱਕ ਨਵੇਂ ਰੰਗ ਵਿੱਚ ਅਤੇ ਉਚ ਪੱਧਰ 'ਤੇ ਦਿਖਾਉਣਾ ਚਾਹੁੰਦੀ ਹੈ। ਇਹ ਫਿਲਮ 1971 ਦੀ ਜੰਗ ਬਾਰੇ ਦੇਸ਼ ਨੂੰ ਇੱਕ ਨਵਾਂ ਨਜ਼ਰੀਆ ਵੀ ਦੇਵੇਗੀ। ਕਹਾਣੀ ਵਿੱਚ ਜੰਗੀ ਨਾਇਕਾਂ ਅਤੇ ਸ਼ਹੀਦਾਂ ਦੀਆਂ ਕਹਾਣੀਆਂ ਵੀ ਜੋੜੀਆਂ ਜਾਣਗੀਆਂ। ਫਿਲਮ 'ਬਾਰਡਰ 2' ਉੱਤੇ ਸਾਲ 2022 ਤੋਂ ਕੰਮ ਚੱਲ ਰਿਹਾ ਹੈ, ਦੱਸਿਆ ਜਾ ਰਿਹਾ ਹੈ ਕਿ 'ਬਾਰਡਰ 2' ਦੀ ਕਹਾਣੀ ਨੂੰ ਅਸਲ ਜ਼ਿੰਦਗੀ ਦੇ ਨੇੜੇ ਰੱਖਣ ਲਈ ਇਸ 'ਤੇ 2022 ਤੋਂ ਕੰਮ ਚੱਲ ਰਿਹਾ ਹੈ। ਫਿਲਮ ਨੂੰ ਪ੍ਰਮਾਣਿਕ ਬਣਾਉਣ ਲਈ ਇਸ ਦੀ ਸ਼ੂਟਿੰਗ ਅਸਲ ਲੋਕੇਸ਼ਨਾਂ 'ਤੇ ਕੀਤੀ ਜਾਵੇਗੀ। ਪ੍ਰਮਾਣਿਕ ਨਾਵਾਂ ਦੀ ਵਰਤੋਂ ਲਈ ਰੱਖਿਆ ਮੰਤਰਾਲੇ ਤੋਂ ਵੀ ਲੋੜੀਂਦੀ ਇਜਾਜ਼ਤ ਲਈ ਗਈ ਹੈ। ਆਯੁਸ਼ਮਾਨ ਖੁਰਾਨਾ ਨੂੰ ਫਿਲਮ 'ਚ ਸ਼ਾਮਲ ਕਰਨ ਦਾ ਫ਼ੈਸਲਾ ਪਹਿਲਾਂ ਹੀ ਲੈ ਲਿਆ ਗਿਆ ਸੀ। ਜਦੋਂ ਕਿ ਬਾਕੀ ਕਲਾਕਾਰਾਂ ਨੂੰ ਵੀ ਆਉਣ ਵਾਲੇ ਹਫ਼ਤਿਆਂ ਵਿੱਚ ਫਾਈਨਲ ਕਰ ਲਿਆ ਜਾਵੇਗਾ।

# ਅਮਰੀਕੀ ਸਿੱਖ ਜਗਤੇਸ਼ਵਰ ਸਿੰਘ ਬੈਂਸ ਨੇ 'ਬਿਗ ਬ੍ਰਦਰ 25' ਜਿੱਤ ਕੇ ਰਚਿਆ ਇਤਿਹਾਸ

## ਵਿਸ਼ਵ ਪੱਧਰ ਉੱਤੇ ਸਿੱਖ ਕੌਮ ਦਾ ਨਾਮ ਕੀਤਾ ਰੋਸ਼ਨ





**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ) –** ਅਮਰੀਕਾ ਦੇ ਮਸ਼ਹੂਰ ਰਿਐਲਿਟੀ ਸ਼ੋਅ 'ਬਿਗ ਬ੍ਰਦਰ' ਦੇ 25ਵੇਂ ਸੀਜ਼ਨ ਦਾ ਖ਼ਿਤਾਬ ਜੱਗ ਬੈਂਸ (ਜਗਤੇਸ਼ਵਰ ਸਿੰਘ ਬੈਂਸ) ਨੇ ਜਿੱਤਿਆ ਹੈ। ਇਹ ਰਿਆਲਿਟੀ ਸ਼ੋਅ ਦੇ ਇਤਿਹਾਸ 'ਚ ਇਹ ਪਹਿਲੀ ਵਾਰ ਹੈ ਕਿ ਕੋਈ ਸਿੱਖ ਪ੍ਰਤੀਯੋਗੀ 'ਬਿੱਗ ਬ੍ਰਦਰ' ਦਾ ਵਿਜੇਤਾ ਬਣਿਆ ਹੈ।

'ਬਿੱਗ ਬ੍ਰਦਰ' ਦੇ ਘਰ 'ਚ 100 ਦਿਨ ਰਹਿ ਕੇ ਜਗਤੇਸ਼ਵਰ ਸਿੰਘ ਬੈਂਸ ਨੇ ਹਰ ਮੁਸ਼ਕਿਲ ਦਾ ਸਾਹਮਣਾ ਕੀਤਾ ਤੇ ਫਾਈਨਲ ਰਾਊਂਡ ਵਿੱਚ ਮੈਟ ਕਲੋਟਜ਼ ਨੂੰ ਹਰਾ ਕੇ 5-2 ਵੋਟਾਂ ਨਾਲ ਜੇਤੂ ਬਣੇ ਜੱਗ ਨੂੰ ਟਰਾਫ਼ੀ ਦੇ ਨਾਲ 7 ਲੱਖ ਡਾਲਰ ਦਾ ਇਨਾਮ ਮਿਲਿਆ ਹੈ।

ਬੈਂਸ ਦੇ ਜੇਤੂ ਹੁੰਦਿਆਂ ਹੀ ਸਿੱਖ ਕੌਮ ਵਿੱਚ ਖ਼ੁਸ਼ੀ ਦੀ ਲਹਿਰ ਦੌੜ ਗਈ। ਇਕ ਪੋਰਟਲ ਨਾਲ ਗੱਲਬਾਤ ਦੌਰਾਨ ਬੈਂਸ ਨੇ ਕਿਹਾ, "ਮੈਂ ਹਮੇਸ਼ਾ ਇਮਾਨਦਾਰੀ ਨਾਲ ਖੇਡ ਕੇ ਇਸ ਖੇਡ ਨੂੰ ਜਿੱਤਣਾ ਚਾਹੁੰਦਾ ਸੀ। ਮੈਂ ਹਮੇਸ਼ਾ ਉਹੀ ਕੀਤਾ ਜੋ ਮੇਰੇ ਦਿਲ ਨੇ ਕਿਹਾ। ਮੈਂ ਬਹੁਤ ਖ਼ੁਸ਼ ਹਾਂ। ਮੈਂ ਬਚਪਨ ਤੋਂ ਹੀ 'ਬਿੱਗ ਬ੍ਰਦਰ' ਦਾ ਪ੍ਰਸ਼ੰਸਕ ਰਿਹਾ ਹਾਂ। ਸ਼ੋਅ 'ਚ ਜਾਣ ਦੀ ਮੇਰੀ ਵੱਡੀ ਇੱਛਾ ਸੀ, ਜੋ ਹੁਣ ਪੂਰੀ ਹੋ ਗਈ ਹੈ"। ਇਸ ਸ਼ੋਅ ਵਿੱਚ ਮੈਂ ਸ਼ਾਬਦਿਕ ਤੌਰ 'ਤੇ ਆਪਣੀ ਜ਼ਿੰਦਗੀ ਲਈ ਲੜ ਰਿਹਾ ਸੀ। ਹਰ ਵਾਰ ਜਦੋਂ ਮੈਂ ਹਰ ਮੁਕਾਬਲੇ ਵਿੱਚ ਜਾਂਦਾ ਸੀ ਤਾਂ ਮੈਨੂੰ ਪਤਾ ਸੀ ਕਿ ਮੈਨੂੰ ਆਪਣੇ ਆਪ ਨੂੰ ਸੁਰੱਖਿਅਤ ਰੱਖਣ ਲਈ, ਆਪਣੇ ਸਹਿਯੋਗੀਆਂ ਨੂੰ ਸੁਰੱਖਿਅਤ ਰੱਖਣ ਲਈ ਅਤੇ ਖੇਡ ਵਿੱਚ ਅੱਗੇ ਵਧਣ ਲਈ ਜਿੱਤਣਾ ਪਏਗਾ ਅਤੇ ਇਸ ਲਈ ਮੈਂ ਸੋਚਦਾ ਹਾਂ ਕਿ ਸਭ ਕੁੱਝ ਉਸੇ ਤਰ੍ਹਾਂ ਹੋਇਆ ਜਿਵੇਂ ਸੋਚਿਆ ਸੀ ਜਿਵੇਂ ਕਿ ਮੈਂ ਬੇਦਖਲ ਹੋਣ ਤੋਂ ਬਾਅਦ ਜਿੱਤਣ ਵਾਲਾ ਪਹਿਲਾ ਵਿਅਕਤੀ ਹਾਂ। ਮੈਨੂੰ ਸਭ ਤੋਂ ਵੱਧ ਘੱਟ ਜਿੱਤਾਂ ਪ੍ਰਾਪਤ ਹੋਈਆਂ ਹਨ। ਪਰ, ਹਰ ਪਲ ਮੈਂ ਇਹੀ ਸੋਚਦਾ ਸੀ ਕਿ "ਮੈਂ ਇਸ ਹਫ਼ਤੇ ਕਿਵੇਂ ਲੰਘਾਂ? ਅਜਿਹਾ ਕਰਨ ਦਾ ਸਭ ਤੋਂ ਵਧੀਆ ਤਰੀਕਾ ਕੀ ਹੈ? ਮੈਂ ਇਹ ਮੁਕਾਬਲਾ ਕਿਵੇਂ ਜਿੱਤ ਸਕਦਾ ਹਾਂ? ਮੈਂ ਆਪਣੇ ਲੋਕਾਂ ਦੀ ਰੱਖਿਆ ਕਿਵੇਂ ਕਰਾਂ?" ਸੋ ਇਸ ਨੂੰ ਸਹੀ ਤਰੀਕੇ ਨਾਲ ਕਰਦੇ ਹੋਏ ਅੱਜ ਇਹ ਸ਼ੋ ਜਿੱਤ ਲਿਆ ਹੈ।

ਦੱਸਣਯੋਗ ਹੈ ਕਿ ਜਗਤੇਸ਼ਵਰ ਸਿੰਘ ਬੈਂਸ 'ਬਿੱਗ ਬ੍ਰਦਰ' 'ਚ ਸ਼ਾਮਲ ਹੋਣ ਵਾਲਾ ਪਹਿਲਾ ਸਿੱਖ ਹੈ। ਸ਼ੋਅ ਵਿੱਚ ਅਮਰੀਕੀ ਟਰੱਕ ਕਾਰੋਬਾਰੀ ਜਗਤੇਸ਼ਵਰ ਸਿੰਘ ਬੈਂਸ ਤੋਂ ਇਲਾਵਾ ਕਈ ਕਲਾਕਾਰ ਸ਼ਾਮਲ ਸਨ। ਇਹ ਅਮਰੀਕੀ ਰਿਐਲਿਟੀ ਸ਼ੋਅ ਇਸੇ ਨਾਂ ਦੇ ਅਸਲ ਡੱਚ ਰਿਐਲਿਟੀ ਸ਼ੋਅ 'ਤੇ ਆਧਾਰਿਤ ਹੈ, ਜਿਸ ਨੂੰ ਨਿਰਮਾਤਾ ਜੌਨ ਡੀ ਮੋਲ ਵੱਲੋਂ 1997 'ਚ ਬਣਾਇਆ ਗਿਆ ਸੀ। ਲੜੀ ਦਾ ਨਾਮ ਜਾਰਜ ਓਰਵੇਲ ਦੇ 1949 ਦੇ ਨਾਵਲ 'ਨਾਈਨਟੀਨ ਏਟੀ-ਫੋਰ' ਵਿੱਚ ਇਕ ਪਾਤਰ ਤੋਂ ਪ੍ਰੇਰਿਤ ਹੈ। ਅਮਰੀਕੀ ਸ਼ੋਅ 5 ਜੁਲਾਈ 2000 ਨੂੰ ਸੀ.ਬੀ.ਐਸ. 'ਤੇ ਸ਼ੁਰੂ ਕੀਤਾ ਗਿਆ ਸੀ। ਭਾਰਤੀ ਟੀ.ਵੀ. ਸ਼ੋਅ 'ਬਿੱਗ ਬੌਸ' ਵੀ ਇਸੇ ਸ਼ੋਅ 'ਤੇ ਅਧਾਰਤ ਹੈ।

# ਪੰਜਾਬੀ ਫਿਲਮ 'ਜੱਟਾ ਡੋਲੀ ਨਾ' 'ਚ ਬਤੌਰ ਹੀਰੋ ਨਜ਼ਰ ਆਵੇਗਾ ਕਿਰਨਦੀਪ ਰਾਇਤ



ਮਾਡਲਿੰਗ ਦੀ ਦੁਨੀਆ ਵਿੱਚ ਮਾਣ ਖੱਟ ਚੁੱਕਿਆ ਇਹ ਸਿੱਖ ਅਦਾਕਾਰ ਕਿਰਨਦੀਪ ਰਾਇਤ ਪੰਜਾਬੀ ਫਿਲਮ ਜਗਤ ਵਿੱਚ ਵੀ ਆਪਣੀ ਪਹਿਚਾਣ ਬਹੁਤ ਤੇਜ਼ੀ ਨਾਲ ਗੂੜ੍ਹੀ ਕਰਦਾ ਜਾ ਰਿਹਾ ਹੈ। ਪਿਛਲੇ ਸਾਲ ਬੀ.ਐਮ.ਪੀ ਫਿਲਮਜ਼ ਦੇ ਬੈਨਰ ਹੇਠ ਰਿਲੀਜ਼ ਹੋਈ ਪੰਜਾਬੀ ਫਿਲਮ 'ਜਿੰਦਰਾ' ਦੇ ਜਰੀਏ ਆਪਣੀ ਅਦਾਕਾਰੀ ਲੋਹਾ ਮੰਨਵਾ ਚੁੱਕੇ ਕਿਰਨਦੀਪ ਹੁਣ ਆਪਣੀ ਨਵੀਂ ਫਿਲਮ 'ਜੱਟਾ ਡੋਲੀ ਨਾ' ਦੇ ਜਰੀਏ ਬਤੌਰ ਹੀਰੋ ਆਪਣੀ ਅਮਿੱਟ ਛਾਪ ਛੱਡਣ ਲਈ ਤਿਆਰ ਹਨ ਅਤੇ ਇਹ ਫਿਲਮ ਨੈਸ਼ਨਲ ਗੇਮ ਬਣ ਚੁੱਕੇ ਮਾਰਸ਼ਲ ਆਰਟ ਦੀ ਸ਼ਾਨਦਾਰ ਪੇਸ਼ਕਾਰੀ ਅਦਾ ਕਰਦੀ ਇਹ ਫਿਲਮ 5 ਜਨਵਰੀ 2024 ਨੂੰ ਦੁਨੀਆ ਭਰ ਸਿਨਮਾ ਵਿੱਚ ਰਿਲੀਜ਼ ਹੋ ਰਹੀ ਹੈ।

ਰਾਜਧਾਨੀ ਦਿੱਲੀ ਨਾਲ ਸੰਬੰਧਿਤ ਇਸ ਹੋਣਹਾਰ ਸਿੱਖ ਹੀਰੋ ਦੇ ਹੁਣ ਤੱਕ ਦੇ ਕੈਰੀਅਰ ਵੱਲ ਨਜ਼ਰਸਾਨੀ ਕੀਤੀ ਜਾਵੇ ਤਾਂ ਉਹ ਹੁਣ ਤੱਕ ਕਈ ਨਾਮੀ ਬ੍ਰਾਂਡਾਂ ਲਈ ਮਾਡਲਿੰਗ ਕਰਨ ਤੋਂ ਇਲਾਵਾ ਫਿਲਮ ਜਗਤ ਵਿੱਚ ਵੀ ਆਪਣੀ ਸ਼ਾਨਦਾਰ ਸ਼ੁਰੂਆਤ ਕਰ ਚੁੱਕੇ ਹਨ। ਉਹ ਦੱਸਦੇ ਹਨ ਕਿ ਮਨੋਰੰਜਨ ਦੀ ਦੁਨੀਆ ਦੀ ਚਕਾਚੌਂਧ ਨੇ ਉਸ ਨੂੰ ਬਚਪਨ ਤੋਂ ਹੀ ਦੀਵਾਨਾ ਬਣਾ ਲਿਆ ਸੀ। ਪੜ੍ਹਾਈ ਦੇ ਨਾਲ ਨਾਲ ਉਸ ਨੇ ਇਸ ਖੇਤਰ ਵਿੱਚ ਰਾਹ ਤਲਾਸ਼ਣਾ ਸ਼ੁਰੂ ਕਰ ਦਿੱਤਾ ਸੀ। ਦਿੱਲੀ ਦੇ ਗੁਰੂ ਤੇਗ਼ ਬਹਾਦਰ ਇੰਸਟੀਚਿਊਟ ਆਫ਼ ਤਕਨੀਕੀ ਤੋਂ ਇਲੈਕਟ੍ਰੀਸ਼ਨ ਇੰਜੀਨੀਅਰਿੰਗ ਦੀ ਪੜ੍ਹਾਈ ਕਰ ਚੁੱਕੇ ਕਿਰਨਦੀਪ ਨੇ ਸਾਲ ਆਪਣੀ ਅਦਾਕਾਰੀ ਸਫ਼ਰ ਦੀ ਸ਼ੁਰੂਆਤ ਸੋਸ਼ਲ ਮੀਡੀਆ ਤੋਂ ਕੀਤੀ ਸੀ।

ਵੱਖ-ਵੱਖ ਮੁੱਦਿਆਂ 'ਤੇ ਵੀਡੀਓਜ਼ ਬਣਾ ਕੇ ਸਭ ਦਾ ਧਿਆਨ ਖਿੱਚਣ ਵਾਲੇ ਕਿਰਨਦੀਪ ਵੱਲੋਂ ਆਪਣੀ ਫਿਲਮ ਸਫ਼ਰ ਦੀ ਸ਼ੁਰੂਆਤ ਬਤੌਰ ਹੀਰੋ 'ਜਿੰਦਰਾ' ਫ਼ਿਲਮ ਤੋਂ ਕੀਤੀ ਗਈ ਸੀ। ਸੱਭਿਆਚਾਰ ਤੇ ਪਰਿਵਾਰਕ ਕਦਰਾਂ-ਕੀਮਤਾਂ ਸਮੇਤ ਰਿਸ਼ਤਿਆਂ ਦੀ ਗੱਲ ਕਰਦੀ ਇਸ ਫਿਲਮ ਨਾਲ ਉਸ ਨੂੰ ਸ਼ਾਨਦਾਰ ਹੁੰਗਾਰਾ ਮਿਲਿਆ। ਸਭ ਨੇ ਉਨ੍ਹਾਂ ਦਾ ਫਿਲਮ ਜਗਤ ਵਿੱਚ ਸਵਾਗਤ ਕੀਤਾ। ਕਿਸਾਨੀ ਅੰਦੋਲਨ ਤੇ ਬਣੀ ਫਿਰ ਤੋਂ ਬੀ.ਐਮ.ਪੀ ਫਿਲਮਜ਼ ਦੇ ਬੈਨਰ ਹੇਠ ਦੁਨੀਆ ਵਿੱਚ ਅਲੱਗ ਕਿਸਮ ਦੀ ਪਹਿਲੀ ਫਿਲਮ 'ਸੂੰਹ ਮਿੱਟੀ ਦੀ' ਨਾਲ ਉਸ ਨੂੰ ਹਰ ਪਾਸਿਓਂ ਸ਼ਾਨਦਾਰ ਹੁੰਗਾਰਾ ਮਿਲਿਆ। ਹੁਣ ਉਹ ਬਤੌਰ 'ਜੱਟਾ ਡੋਲੀਂ ਨਾ' ਨਾਲ ਵੱਡੇ ਪਰਦੇ ਤੇ ਨਜ਼ਰ ਆਏਗਾ। ਬੀ.ਐਮ.ਪੀ ਫਿਲਮਜ਼ ਐਂਡ ਪਾਵਰਪੈਕ ਪ੍ਰੋਡਕਸ਼ਨ ਦੇ ਬੈਨਰ ਹੇਠ ਬਣੀ ਇਸ ਫਿਲਮ ਨੂੰ ਭੁਪਿੰਦਰ ਸਿੰਘ ਬਮਰਾ ਨੇ ਨਿਰਦੇਸ਼ਤ ਕੀਤਾ ਹੈ।

ਸੋਨੂੰ ਸੱਗੂ ਵੱਲੋਂ ਲਿਖੀ ਇਸ ਫਿਲਮ ਵਿੱਚ ਕਿਰਨਦੀਪ ਦੀ ਹੀਰੋਇਨ ਨਾਮਵਰ ਅਦਾਕਾਰਾ ਪ੍ਰਭ ਗਰੇਵਾਲ ਹੈ। ਫਿਲਮ ਵਿੱਚ ਦੋਵਾਂ ਤੋਂ ਇਲਾਵਾ ਜਰਨੈਲ ਸਿੰਘ, ਨਰਿੰਦਰ ਨੀਨਾ, ਸਵਿੰਦਰ ਮਾਹਲ, ਪਰਮਿੰਦਰ ਗਿੱਲ, ਸੰਤੋਸ਼ ਮਲਹੋਤਰਾ, ਗੁਰਪ੍ਰੀਤ ਬੀ.ਐਮ.ਪੀ., ਸੰਨੀ ਗਿੱਲ, ਗੁਰਿੰਦਰ ਸਰਾਂ, ਸਿਮਰਜੀਤ ਸਿੰਘ ਅਤੇ ਸੁੱਗਲੀ-ਜੁਗਲੀ ਨੇ ਸ਼ਾਨਦਾਰ ਭੂਮਿਕਾ ਅਦਾ ਕੀਤੀ ਹੈ।

ਕਿਰਨਦੀਪ ਦੱਸਦਾ ਹੈ ਕਿ ਇਸ ਫਿਲਮ ਦੀ ਕਹਾਣੀ ਗੱਤਕਾ ਦੀ ਪੇਸ਼ਕਾਰੀ ਤਾਂ ਕਰੇਗੀ ਹੀ, ਪਰੰਤੂ ਇਹ ਫਿਲਮ ਤੁਹਾਨੂੰ ਹਿੰਮਤ, ਜੋਸ਼ ਅਤੇ ਪਰਿਵਾਰ ਵੱਲੋਂ ਦਿੱਤੇ ਹੌਸਲੇ ਦੀ ਅਹਿਮੀਅਤ ਵੀ ਮਹਿਸੂਸ ਕਰਵਾਏਗੀ। ਇਹ ਫਿਲਮ ਨੌਜਵਾਨਾਂ ਨੂੰ ਸਹੀ ਦਿਸ਼ਾ ਪ੍ਰਦਾਨ ਕਰੇਗੀ। ਪਰਿਵਾਰਕ ਡਰਾਮਾ ਇਹ ਫਿਲਮ ਅੱਜਕੀ ਨੌਜਵਾਨ ਪੀੜੀ ਦੀ ਬਾਤ ਪਾਉਂਦੀ ਹੋਈ ਸਿੱਖੀ ਦੇ ਮਾਣ ਵਿੱਚ ਹੋਰ ਵਾਧਾ ਕਰੇਗੀ। ਕਿਰਨਦੀਪ ਮੁਤਾਬਿਕ ਇਹ ਉਸ ਦੀ ਖ਼ੁਸ਼ਕਿਸਮਤੀ ਹੈ ਕਿ ਉਸ ਨੂੰ ਇਸ ਕਿਸਮ ਦੀ ਸ਼ਾਨਦਾਰ ਫਿਲਮ ਦਾ ਹਿੱਸਾ ਬਣਨ ਦਾ ਮਾਣ ਹਾਸਲ ਹੋਇਆ ਹੈ। ਬਿਨਾਂ ਸ਼ੱਕ ਇਹ ਫਿਲਮ ਦਰਸ਼ਕਾਂ ਦੀ ਕਸੌਟੀ 'ਤੇ ਖਰੀ ਉਤਰੇਗੀ।-ਜਿੰਦ ਜਵੰਦਾ 0091 9779591482

# ਕਾਮੇਡੀਅਨ ਵੀਰ ਦਾਸ ਨੇ ਸਰਵੋਤਮ ਕਾਮੇਡੀ ਸੀਰੀਜ਼ ਸ਼੍ਰੇਣੀ 'ਚ ਐਮੀ ਪੁਰਸਕਾਰ ਜਿੱਤਿਆ

**ਨਿਊਯਾਰਕ –** ਭਾਰਤੀ ਅਭਿਨੇਤਾ ਅਤੇ ਕਾਮੇਡੀਅਨ ਵੀਰ ਦਾਸ ਨੇ ਆਪਣੇ ਵਿਸ਼ੇਸ਼ ਸਟੈਂਡ-ਅੱਪ ਕਾਮੇਡੀ ਸ਼ੋਅ 'ਵੀਰ ਦਾਸ: ਲੈਂਡਿੰਗ' ਲਈ ਸਰਵੋਤਮ ਕਾਮੇਡੀ ਸੀਰੀਜ਼ ਸ਼੍ਰੇਣੀ ਵਿੱਚ ਐਮੀ ਐਵਾਰਡ ਜਿੱਤਿਆ ਹੈ। ਅਮਰੀਕਾ ਦੇ ਨਿਊਯਾਰਕ 'ਚ ਐਵਾਰਡ ਸਮਾਰੋਹ ਹੋਇਆ। ਦਾਸ ਨੂੰ ਦੂਜੀ ਵਾਰ ਐਮੀ ਅਵਾਰਡ ਲਈ ਨਾਮਜ਼ਦ ਕੀਤਾ ਗਿਆ ਸੀ ਅਤੇ ਇਸ ਸ਼੍ਰੇਣੀ ਵਿੱਚ ਪਹਿਲੀ ਵਾਰ ਪੁਰਸਕਾਰ ਜਿੱਤਿਆ। ਦਾਸ ਨੇ ਪ੍ਰਸਿੱਧ ਬਰਤਾਨਵੀ ਅੱਲੜਾਂ 'ਚ ਮਕਬੂਲ ਕਾਮੇਡੀ ਸ਼ੋਅ 'ਡੈਰੀ ਗਰਲਜ਼' ਦੇ ਤੀਜੇ ਸੀਜ਼ਨ ਨਾਲ ਟਰਾਫ਼ੀ ਸਾਂਝੀ ਕੀਤੀ।

Working clock-

# KIDS CORNER

## Char Sahibzade



The word "Sahibzada" means "son" in Punjabi and is a term commonly used to refer to the 4 sons of Guru Gobind Singh, the tenth Sikh Guru. The word is a traditional word not used in the everyday language of today. The plural of the word is "Sahibzade" with a stretched "A" sound at the end.

The younger pair, called the "Chotta Sahibzade" were martyred together by the Mughals in Sirhind at the tender age of 6 and 9 years old. The older sahibzade, called the "Vaada Sahibzade" died fighting the enemy of many thousands at the young age of 18 and 14 years old in battle at Chamkaur Sahib.

Char Sahibzade, is a term endearingly used for the four sons of Guru Gobind Singh, all of whom died as martyrs while still very young. Their names are reverently preserved in Sikh memory and are recalled every time Sikh ardas or prayer of supplication is recited at a congregation or privately by an individual.

The martyrdom of the four sahibzade is an important part of Sikh history and the occasion of their martyrdom is remembered and commemorated both with great vigor and very acute sadness, by large numbers of Sikhs, every year in December by the Sikh Sangat (holy congregation).

The 21st and 26th of December are days that hold very dear memories for Sikhs around the world, for it was on these days in 1705 that the older sahibzade Baba Ajit Singh and Baba Jujhar Singh first set off for their heaven abode on the 21st and then on the 26th, as the delicate and tender light of the younger Sahibzade, Baba Zorawar Singh and Baba Fateh Singh was cruelly and inhumanely extinguished by the Mughal ruler of Sirhind.

### Did you know?

- A storm officially becomes a hurricane when cyclone winds reach 119 km/h (74 mph).
- The Dead Sea is 365 m (1,200 ft) below sea level.
- There are more than 326 million trillion gallons of water on Earth.
- There is no record of a person being killed by a meteorite but animals are occasionally hit.
- The tallest mountain on earth is under the ocean: Mauna Kea in Hawaii is 10,200 metres (33,465 ft) high. Mount Everest is 8,848 metres (29,029 ft) high.

The best and most beautiful things in the world cannot be seen, nor touched ... but are felt in the heart.

## Creation of the Khalsa

**The Amrit Sanskar Ceremony**



An open air diwan was held in Kesgarh Sahib at Anandpur. The Guru drew his sword and in a thundering voice said, "I want one head, is there any one who can offer me?"

This most unusual call caused some terror in the gathering and the people were stunned. There was dead silence. The Guru made a second call. Nobody came forward. There was still more silence. On the third call there raised Daya Ram, a khatri of Lahore who said, "O true king, my head is at your service."

The Guru took Daya Ram by the arm and led him inside a tent. A blow and thud were heard. Then the Guru, with his sword dripping with blood, came out and said, "I want another head, is there anyone who can offer?" Again on third call Dharam Das, a Jat from Delhi came forward and said, "O true king! My head is at thy disposal."

The Guru took Dharam Das inside the tent, again a blow and thud were heard and he came out with his sword dripping with blood and repeated, "I want another head, is there any beloved Sikh who can offer it?"

Mohkam Chand, a calico priner/tailor of Dwarka (west coast of India) offered himself as a sacrifice. The Guru took him inside the tent and went through the same process. Then the Guru made a fifth and the last call for a fifth head. Sahib Chand, a barber of Bidar (in central India), came forward and the Guru took him inside the tent. A blow and thud were heard.

The last time he stayed longer in the tent. People began to breathe with relief. They thought may be the Guru has realised "his mistake" and has now stopped.

**The panj pyare**

The Guru now clad his five volunteers in splendid garments. They had offered their heads to the Guru, and the Guru had now given them himself and his glory. When they were brought outside, they were in the most radiant form.

**Amrit Sanchar**

The Guru then stood up with the sacred Amrit (nectar) prepared in the iron bowl. Each of the five faithful, by turn, each kneeling upon his left knee, looked up to the Master to receive the divine amrit. He gave five palmfuls of Amrit to each of them to drink and sprinkled it five times in the eyes, asking them to repeat aloud with each sprinkle, "Waheguru Ji ka Khalsa, Waheguru Ji Ki Fateh." (This means: Khalsa belongs to God and all triumph be to His Name) Then he anointed with five sprinkles in the hair.

In this way Amrit was administered to the five faithful from the same bowl. After that he asked them to sip Amrit from the same bowl to signify their initiation into the casteless fraternity of the Khalsa. All the five faithful were baptized in this way by the Guru who then called them the 'PANJ PYARE' or Five Beloved Ones.

He gave them the appellation of SINGHS (Lions) and they were named from Daya Ram to Daya Singh, Dharam Das to Dharam Singh, Mohkam Chand to Mohkam Singh, Himmat Chand to Himmat Singh, and Sahib Chand to Sahib Singh. The Guru then addressed them pure ones and THE KHALSA.

thank you www.sikhiwiki.org




This Page Is Sponsored By
DIL
Spray Painting and Powder Coating
email : dilsprayer@yahoo.co.nz

ਪੰਜਾਬੀ ਬੋਲੋ
ਪੰਜਾਬੀ ਪੜ੍ਹੋ
ਪੰਜਾਬੀ ਲਿਖੋ

# ਧਰਤੀ ’ਤੇ ਇੱਕ ਦਿਨ ’ਚ 25 ਘੰਟੇ ਹੋਣਗੇ, ਨਹੀਂ ਹੋਵੇਗੀ ਸਮੇਂ ਦੀ ਕੋਈ ਘਾਟ.......!



**ਮਿਊਨਿਖ –** ਅੱਜ ਦੁਨੀਆ ਵਿੱਚ ਇੱਕ ਦਿਨ 24 ਘੰਟਿਆਂ ਦਾ ਹੈ। ਪਰ ਸੰਭਾਵਨਾ ਹੈ ਕਿ ਭਵਿੱਖ ਵਿੱਚ ਇਹ 25 ਘੰਟੇ ਦਾ ਹੋ ਸਕਦਾ ਹੈ। ਵਿਗਿਆਨੀਆਂ ਨੇ ਇੱਕ ਨਵੀਂ ਖੋਜ ਵਿੱਚ ਇਹ ਖੁਲਾਸਾ ਕੀਤਾ ਹੈ। ਟੈਕਨੀਕਲ ਯੂਨੀਵਰਸਿਟੀ ਆਫ਼ ਮਿਊਨਿਖ (ਟੀਯੂਐਮ) ਦੇ ਵਿਗਿਆਨੀਆਂ ਨੇ ਖੋਜ ਕੀਤੀ ਹੈ ਕਿ ਧਰਤੀ ਉਤੇ ਇੱਕ ਦਿਨ ਆਖ਼ਰਕਾਰ 25 ਘੰਟਿਆਂ ਤੱਕ ਚੱਲ ਸਕਦਾ ਹੈ। ਇਹ ਖੋਜ ਧਰਤੀ ਦੇ ਰੋਟੇਸ਼ਨ ਦੀ ਗਤੀ ਨੂੰ ਸਮਝਣ ਵਿੱਚ ਇੱਕ ਮਹੱਤਵਪੂਰਨ ਤਰੱਕੀ ਦੀ ਨਿਸ਼ਾਨਦੇਹੀ ਕਰਦੀ ਹੈ। ਸਾਡਾ ਮੰਨਣਾ ਹੈ ਕਿ ਧਰਤੀ ’ਤੇ ਇੱਕ ਦਿਨ ਬਿਲਕੁਲ 24 ਘੰਟੇ ਹੁੰਦਾ ਹੈ। ਪਰ ਵੱਖ-ਵੱਖ ਠੋਸ ਅਤੇ ਤਰਲ ਪਦਾਰਥਾਂ ਦਾ ਮਿਸ਼ਰਣ ਗ੍ਰਹਿ ਦੇ ਘੁੰਮਣ ਦੀ ਗਤੀ ਨੂੰ ਪ੍ਰਭਾਵਿਤ ਕਰਦਾ ਹੈ।

ਟੀਯੂਐਮ ਲਈ ਆਬਜ਼ਰਵੇਟਰੀ ਦੇ ਪ੍ਰੋਜੈਕਟ ਲੀਡ, ਉਲਰਿਚ ਸ਼ਰੀਬਰ ਨੇ ਕਿਹਾ ਕਿ ਰੋਟੇਸ਼ਨ ਦੇ ਉਤਰਾਅ-ਚੜ੍ਹਾਅ ਨਾ ਸਿਰਫ਼ ਖਗੋਲ-ਵਿਗਿਆਨ ਲਈ ਮਹੱਤਵਪੂਰਨ ਹਨ, ਸਾਨੂੰ ਸਹੀ ਜਲਵਾਯੂ ਮਾਡਲ ਬਣਾਉਣ ਅਤੇ ਅਲ ਨੀਨੋ ਵਰਗੀਆਂ ਮੌਸਮੀ ਘਟਨਾਵਾਂ ਨੂੰ ਬਿਹਤਰ ਢੰਗ ਨਾਲ ਸਮਝਣ ਵਿੱਚ ਮਦਦ ਕਰਦੇ ਹਨ। ਡਾਟਾ ਜਿੰਨਾ ਸਹੀ ਹੋਵੇਗਾ, ਭਵਿੱਖਬਾਣੀ ਓਨੀ ਹੀ ਸਹੀ ਹੋਵੇਗੀ। TUM ਵਿੱਚ ਇੱਕ ਵਿਸ਼ੇਸ਼ ਯੰਤਰ ਹੁੰਦਾ ਹੈ ਜਿਸ ਨੂੰ ਰਿੰਗ ਲੇਜ਼ਰ ਕਿਹਾ ਜਾਂਦਾ ਹੈ। ਇਹ ਧਰਤੀ ਦੀ ਰੋਟੇਸ਼ਨ ਨੂੰ ਕਮਾਲ ਦੀ ਸ਼ੁੱਧਤਾ ਨਾਲ ਮਾਪਣ ਦੇ ਸਮਰੱਥ ਹੈ। ਇਹ ਧਰਤੀ ਦੇ ਰੋਟੇਸ਼ਨ ਵਿੱਚ ਹਰ ਰੋਜ਼ ਹੋਣ ਵਾਲੀਆਂ ਛੋਟੀਆਂ ਤਬਦੀਲੀਆਂ ਨੂੰ ਵੀ ਕੈਪਚਰ ਕਰ ਸਕਦਾ ਹੈ।

ਤੁਸੀਂ ਸਮੇਂ ਨੂੰ ਕਿਵੇਂ ਮਾਪਦੇ ਹੋ?

ਜੀਓਡੇਟਿਕ ਆਬਜ਼ਰਵੇਟਰੀ ਵੇਟਜ਼ਲ ਕੋਲ ਇਹ ਯੰਤਰ, ਇੱਕ ਲੇਜ਼ਰ ਰਿੰਗ ਜਾਇਰੋਸਕੋਪ, ਜ਼ਮੀਨ ਤੋਂ 20 ਫੁੱਟ ਹੇਠਾਂ ਇੱਕ ਦਬਾਅ ਵਾਲੇ ਚੈਂਬਰ ਵਿੱਚ ਹੈ। ਇਸ ਸੈੱਟਪ ਰਾਹੀਂ, ਵਿਗਿਆਨੀ ਇਹ ਯਕੀਨੀ ਬਣਾਉਂਦੇ ਹਨ ਕਿ ਲੇਜ਼ਰ ਪੂਰੀ ਤਰ੍ਹਾਂ ਧਰਤੀ ਦੇ ਘੁੰਮਣ ਨਾਲ ਹੀ ਪ੍ਰਭਾਵਿਤ ਹੁੰਦਾ ਹੈ। ਇਹ ਯੰਤਰ ਲੇਜ਼ਰ ਅਤੇ ਸ਼ੀਸ਼ੇ ਦੀ ਵਰਤੋਂ ਕਰਕੇ ਰੋਟੇਸ਼ਨਲ ਅੰਤਰਾਂ ਦਾ ਪਤਾ ਲਗਾਉਂਦਾ ਹੈ। ਹਲੇਜ਼ਰ ਬਾਰੰਬਾਰਤਾ ਵਿੱਚ ਵੱਡੀਆਂ ਤਬਦੀਲੀਆਂ ਧਰਤੀ ਦੇ ਤੇਜ਼ ਰੋਟੇਸ਼ਨ ਨੂੰ ਦਰਸਾਉਂਦੀਆਂ ਹਨ। ਉਦਾਹਰਨ ਲਈ, ਭੂਮੱਧ ਰੇਖਾ ’ਤੇ ਜਿੱਥੇ ਧਰਤੀ 15 ਡਿਗਰੀ ਪ੍ਰਤੀ ਘੰਟਾ ਦੀ ਗਤੀ ਨਾਲ ਅੱਗੇ ਵਧ ਦੀ ਹੈ, TUM 348.5 ਹਰਟਜ਼ ਦੀ ਰੋਜ਼ਾਨਾ ਬਾਰੰਬਾਰਤਾ ਰਿਕਾਰਡ ਕਰਦੀ ਹੈ। 1-3 ਮਾਈਕ੍ਰੋਹਰਟਜ਼ ਦਾ ਉਤਰਾਅ-ਚੜ੍ਹਾਅ ਹੈ।

ਇੱਕ ਦਿਨ 25 ਘੰਟਿਆਂ ਦਾ ਕਦੋਂ ਹੋਵੇਗਾ?

ਹਾਲਾਂਕਿ, ਇਸ ਤੋਂ ਸਹੀ ਡੇਟਾ ਐਕਸਟਰੈਕਟ ਕਰਨਾ ਬਹੁਤ ਮੁਸ਼ਕਲ ਹੈ। ਪਿਛਲੇ ਚਾਰ ਸਾਲਾਂ ਵਿੱਚ ਭੂ-ਵਿਗਿਆਨੀਆਂ ਨੇ ਇਨ੍ਹਾਂ ਪ੍ਰਭਾਵਾਂ ਲਈ ਲੇਖਾ ਕਰਨ ਲਈ ਲੇਜ਼ਰ ਔਸਿਲੇਸ਼ਨਾਂ ਲਈ ਸਿਧਾਂਤਕ ਮਾਡਲ ਵਿਕਸਿਤ ਕੀਤੇ ਹਨ। ਇਸ ਦੇ ਜ਼ਰੀਏ, ਇਹ ਪ੍ਰਤੀ ਦਿਨ ਦੇ ਸਮੇਂ ਨੂੰ ਬਹੁਤ ਸ਼ੁੱਧਤਾ ਨਾਲ ਮਾਪ ਸਕਦਾ ਹੈ। ਵਿਗਿਆਨੀਆਂ ਦਾ ਕਹਿਣਾ ਹੈ ਕਿ ਡਾਇਨੋਸੌਰਸ ਦੇ ਸਮੇਂ ਵਿੱਚ ਇੱਕ ਦਿਨ 23 ਘੰਟੇ ਦਾ ਹੁੰਦਾ ਸੀ। 1.4 ਬਿਲੀਅਨ ਸਾਲ ਪਹਿਲਾਂ, ਇੱਕ ਦਿਨ 18 ਘੰਟੇ 41 ਮਿੰਟ ਲੰਬਾ ਸੀ। ਵਿਗਿਆਨੀਆਂ ਦਾ ਅਨੁਮਾਨ ਹੈ ਕਿ 200 ਮਿਲੀਅਨ ਸਾਲਾਂ ਬਾਅਦ ਇੱਕ ਦਿਨ 25 ਘੰਟੇ ਲੰਬਾ ਹੋਵੇਗਾ।

# ਪਾਲੀ ਚਾਚਾ

(ਕਹਾਣੀ)



**ਲੇਖਕਾ – ਹਰਪ੍ਰੀਤ ਬਰਾੜ ਸਿੱਧੂ (ਆਕਲੈਂਡ)**

ਅੱਜ ਵਰ੍ਹਿਆਂ ਪਿੱਛੋਂ ਪਾਲੀ ਚਾਚੇ ਦੀ ਯਾਦ ਆ ਗਈ। ਪੂਰਾ ਨਾਮ ਤਾਂ ਉਸ ਦਾ ਜਗਪਾਲ ਸਿੰਘ ਸੀ ਪਰ ਸਾਰੇ ਕਹਿੰਦੇ ਪਾਲੀ ਹੀ ਸਨ। ਤਾਈ ਨਿੰਮੋਂ ਤੇ ਤਾਏ ਫ਼ੌਜਾ ਸਿੰਘ ਦਾ ਸਾਡੇ ਪਰਿਵਾਰ ਨਾਲ ਬਹੁਤ ਪਿਆਰ ਸੀ। ਤਾਏ ਦੇ ਜਾਣ ਤੋਂ ਬਾਅਦ ਤਾਈ ਦਾ ਸਾਡੇ ਘਰ ਆਉਣਾ ਜਾਣਾ ਹੋਰ ਵੀ ਵੱਧ ਗਿਆ। ਤਾਈ ਬੀਬੀ ਵਰਗੀਆਂ ਨਾਲ ਕੰਮ-ਕਾਰ ਕਰਾ ਦਿੰਦੀ ਸੀ ਅਤੇ ਵੱਡਾ ਬਾਈ ਬਾਪੂ ਨਾਲ ਖੇਤਾਂ ਵਿੱਚ ਕੰਮ ਕਰਵਾ ਦਿੰਦਾ ਸੀ। ਫੇਰ ਵੱਡਾ ਬਾਈ ਸ਼ੈਲਰ ਵਿੱਚ ਲੱਗ ਗਿਆ ਅਤੇ ਵਿਚਕਾਰਲਾ ਮਿਸਤਰੀ ਦਾ ਕੰਮ ਕਰਨ ਲੱਗ ਗਿਆ। ਪਾਲੀ ਚਾਚੇ ਦਾ ਤਾਂ ਬਚਪਨ ਵੀ ਸਾਡੇ ਘਰ ਹੀ ਗੁਜ਼ਰਿਆ। ਤਾਏ ਦੀ ਮੌਤ ਸਮੇਂ ਪਾਲੀ ਚਾਚਾ ਮਸਾਂ ਚਾਰ ਕੁ ਸਾਲਾਂ ਦਾ ਹੀ ਸੀ, ਮੇਰੀ ਨਿੱਕੀ ਭੂਆ ਦਾ ਹਾਣੀ। ਭੂਆ ਦੇ ਨਾਲ ਖੇਡਦਾ, ਭੂਆ ਦੀਆਂ ਚੁੰਨੀਆਂ ਲੈ ਲੈ ਕੇ ਸਾਡੇ ਨਾਲ ਬੋਲੀਆਂ ਪਾਉਂਦਾ ਚਾਚਾ ਮੈਨੂੰ ਅੱਜ ਵੀ ਯਾਦ ਹੈ, ਚਾਹੇ ਉਦੋਂ ਮੈਂ ਨਿੱਕੀ ਜਿਹੀ ਹੀ ਸੀ।

ਚਾਚਾ ਬਾਕੀ ਮੁੰਡਿਆਂ ਵਰਗਾ ਨਹੀਂ ਸੀ। ਉਹ ਕੁੜੀਆਂ ਨਾਲ ਖੇਡ ਕੇ ਵੱਧ ਖ਼ੁਸ਼ ਰਹਿੰਦਾ। ਸਰੀਰ ਵੀ ਮਾੜਕੂ ਜਿਹਾ ਅਤੇ ਆਵਾਜ਼ ਵੀ ਪਤਲੀ। ਪਿੰਡ ਦੇ ਮੁੰਡੇ ਉਸ ਨੂੰ ਛੇੜਦੇ ਰਹਿੰਦੇ। ਪਰ ਬਾਪੂ ਜੀ ਨੂੰ ਚਾਚੇ ਉਤੇ ਬਹੁਤ ਵਿਸ਼ਵਾਸ ਸੀ। ਅਸੀਂ ਭੈਣਾਂ ਨੇ ਜਦੋਂ ਵੀ ਕਿਤੇ ਜਾਣਾ ਹੁੰਦਾ ਤਾਂ ਚਾਚਾ ਸਾਡਾ ਰੱਖਿਅਕ ਬਣ ਕੇ ਨਾਲ ਜਾਂਦਾ। ਜੇ ਕੋਈ ਸਾਡੇ ਵੱਲ ਦੇਖਦਾ ਵੀ ਤਾਂ ਚਾਚਾ ਅਗਲੇ ਦੇ ਗਲ ਪੈ ਜਾਂਦਾ। ਪਰ ਲੋਕ ਫੇਰ ਵੀ ਉਸ ਦੀ ਡੀਲ-ਡੌਲ ਦਾ ਮਜ਼ਾਕ ਉਡਾਉਂਦੇ। ਕਦੇ ਕਦੇ ਤਾਂ ਤਾਈ ਵੀ ਦੁਖੀ ਹੋ ਜਾਂਦੀ, ਮਾਂ ਕੋਲ ਅਕਸਰ ਹੀ ਗਿਲਾ ਕਰਦੀ ਕਿ , ‘ਭੈਣੇ ਮੈਂ ਤਾਂ ਧੀ ਹੋਣ ਦੀਆਂ ਸੁੱਖਾਂ ਸੁੱਖੀਆਂ ਸਨ, ਰੱਬ ਨੇ ਪੁੱਤ ਹੀ ਧੀਆਂ ਵਰਗਾ ਦੇ ਦਿੱਤਾ’। ਪਰ ਉਹ ਹੀ ਮਾਂ ਦਾ ਸਰਵਣ ਪੁੱਤ ਸੀ, ਵੱਡੇ ਬਾਈ ਵਰਗੇ ਪੈਰਾਂ ਸਿਰ ਹੁੰਦੇ ਹੀ ਆਵਦੇ ਟੱਬਰ ਲੈ ਕੇ ਪਾਸੇ ਹੋ ਗਏ ਸਨ, ਪਾਲੀ ਚਾਚਾ ਹੀ ਤਾਈ ਦੇ ਦੁੱਖ ਸੁੱਖ ਦਾ ਦਰਦੀ ਸੀ। ਲੱਗੀ ਵਾਹ ਉਹ ਤਾਈ ਨੂੰ ਕੋਈ ਕੰਮ ਨਾ ਕਰਨ ਦਿੰਦਾ। ਪਹਿਲਾਂ ਘਰ ਦੇ ਕੰਮ ਕਾਰ ਕਰਦਾ ਫੇਰ ਬਾਪੂ ਜੀ ਦੇ ਨਾਲ ਆ ਜਾਂਦਾ।

ਚਾਚੇ ਨੂੰ ਕੋਈ ਰਿਸ਼ਤਾ ਵੀ ਸਿਰੇ ਨਹੀਂ ਚੜ੍ਹ ਰਿਹਾ ਸੀ, ਫੇਰ ਪਿੰਡੋਂ ਹੀ ਕਿਸੇ ਨੇ ਰਿਸ਼ਤਾ ਕਰਵਾ ਦਿੱਤਾ। ਤਾਈ ਅਤੇ ਚਾਚਾ ਦੋਵੇਂ ਬਹੁਤ ਖ਼ੁਸ਼ ਸੀ। ਮੈਨੂੰ ਵੀ ਇੱਕ ਵੱਖਰੀ ਹੀ ਖ਼ੁਸ਼ੀ ਸੀ ਚਾਚੇ ਦੇ ਵਿਆਹ ਦੀ ਪਰ ਸਾਡੀ ਖ਼ੁਸ਼ੀ ਜ਼ਿਆਦਾ ਦਿਨ ਨਾ ਰਹੀ। ਇੱਕ ਦਿਨ ਨਵੀਂ ਆਈ ਚਾਚੀ ਮੂੰਹ ਹਨੇਰੇ ਕਿਸੇ ਹੋਰ ਨਾਲ ਚਲੀ ਗਈ, ਸੁਣਿਆ ਸੀ ਕਿ ਉਸ ਦੇ ਪਿੰਡ ਦਾ ਹੀ ਕੋਈ ਮੁੰਡਾ ਸੀ। ਜਾਣ ਲੱਗੀ ਤਾਈ ਦੀਆਂ ਦਿੱਤੀਆਂ ਵਾਲੀਆਂ ਵੀ ਲੈ ਗਈ, ਜੋ ਤਾਈ ਨੇ ਮਸਾਂ ਪਾਈ ਪਾਈ ਜੋੜ ਕੇ ਬਣਾਈਆਂ ਸੀ। ਹੁਣ ਚਾਚਾ ਬਹੁਤ ਉਦਾਸ ਰਹਿਣ ਲੱਗ ਗਿਆ ਸੀ। ਇੱਕ ਦਿਨ ਵੱਡੇ ਬਾਈ ਨੇ ਸਾਰੇ ਬੈਠਿਆ ਤੋਂ ਮਿਹਣਾ ਮਾਰ ਦਿੱਤਾ ਕਿ ਤੈਨੂੰ ਜ਼ਨਾਨੀ ਰੱਖਣੀ ਨਹੀਂ ਆਈ, ਸਾਡੀਆਂ ਦੇਖ ਵੱਸਦੀਆਂ ਹਨ ਕਿ ਨਹੀਂ। ਚਾਚੇ ਦੇ ਅੱਖਾਂ ਵਿੱਚ ਹੰਝੂ ਆ ਗਏ ਸਨ, ਉਹ ਵੀ ਭਰੀਆਂ ਅੱਖਾਂ ਨਾਲ ਬੋਲਿਆ, ‘ਆਹੋ ਜੇ ਮੈਂ ਵੀ ਨਿੱਤ ਗਾਲ੍ਹਾਂ ਕੱਢਾਂ ਅਤੇ ਗੱਲ ਗੱਲ ’ਤੇ ਜੁੱਤੀ ਲਾਹ ਲਵਾਂ ਫੇਰ ਠੀਕ ਸੀ’। ਇੰਨਾ ਸੁਣ ਦੋਵਾਂ ਭਾਬੀ ਹੋਰਾਂ ਦੇ ਮੂੰਹ ਉਤਰ ਗਏ ਸਨ।

ਫੇਰ ਚਾਚਾ ਸਾਰੀ ਉਮਰ ਇਕੱਲਾ ਹੀ ਰਿਹਾ, ਤਾਈ ਦੇ ਜਾਣ ਪਿੱਛੋਂ ਜ਼ਿਆਦਾ ਕਰਕੇ ਸਾਡੇ ਘਰ ਹੀ ਰਹਿੰਦਾ। ਘਰ ਦੇ ਕੰਮ ਕਾਰ ਕਿਸੇ ਨਿਪੁੰਨ ਔਰਤ ਵਾਂਗ ਕਰ ਲੈਂਦਾ, ਸਾਰੀ ਉਮਰ ਨਾ ਕੋਈ ਨਸ਼ਾ ਕੀਤਾ ਅਤੇ ਨਾ ਹੀ ਕੋਈ ਗ਼ਲਤ ਕੰਮ। ਸਾਡੇ ਜਵਾਕ ਵੀ ਸਾਂਭੇ ਅਤੇ ਫੇਰ ਛੇ ਕੁ ਸਾਲ ਪਹਿਲਾਂ ਇਸ ਸੰਸਾਰ ਤੋਂ ਚੁੱਪ-ਚਾਪ ਹੀ ਵਿਦਾ ਹੋ ਗਿਆ। ਜਦੋਂ ਲੋਕ ਗੱਲਾਂ ਕਰਦੇ ਹਨ ਕਿ ਸਰੀਰਕ ਰੂਪ ਰੰਗ ਨਾਲੋਂ ਬੰਦੇ ਦਾ ਚਰਿੱਤਰ ਜ਼ਿਆਦਾ ਮਹੱਤਵਪੂਰਨ ਹੁੰਦਾ, ਉਦੋਂ ਲੱਗਦਾ ਕਿ ਇਹ ਸਭ ਗੱਲਾਂ ਬੇਕਾਰ ਹਨ। ਜੇਕਰ ਅਜਿਹਾ ਹੁੰਦਾ ਤਾਂ ਚਾਚੇ ਵਰਗਾ ਵਧੀਆ ਬੰਦਾ ਇਕੱਲੇਪਣ ਦਾ ਸ਼ਿਕਾਰ ਨਾ ਹੁੰਦਾ।


## Universal Homeopathic (NZ) Ltd.

**415 Great South Road, Papatoetoe, Auckland.**
Ph. 09-278 1106, Mob: 021 125 6356, E-mail: drpreet@xtra.co.nz

*Contact for Treatment of:*

- ✔ ਕਿਲ ਮੁਹਾਸੇ
- ✔ ਦਮਾ
- ✔ ਡਿਪਰੈਸ਼ਨ
- ✔ ਸ਼ੂਗਰ
- ✔ ਪਿੱਤੇ ਦੀਆਂ ਪੱਥਰੀਆਂ
- ✔ ਗੱਠੀਆ
- ✔ ਵਾਲਾਂ ਦਾ ਝੜਨਾ
- ✔ ਨਾਮਰਦੀ
- ✔ ਖਾਣਾ ਨਾ ਪੱਚਣਾ
- ✔ ਮਾਈਗਰੇਨ
- ✔ ਗੁਰਦੇ ਅਤੇ ਮਹਿਦੇ ਦੀਆਂ ਬਿਮਾਰੀਆਂ
- ✔ ਔਰਤਾਂ ਦੀਆਂ ਮਾਹਵਾਰੀ ਅਤੇ ਬੱਚਿਆਂ ਦੀਆਂ ਕਿਸੇ ਵੀ ਤਰ੍ਹਾਂ ਦੀਆਂ ਪੁਰਾਣੀਆਂ ਬਿਮਾਰੀਆਂ।

***All Homeopathic Medicines are Available in Store***

**Opening Hours:**

**9.00 am till 7.00 pm (Mon to Sat)**

ਅਸੀਂ ਦਵਾਈਆਂ ਖੁਦ Import ਅਤੇ Worldwide Export ਕਰਦੇ ਹਾਂ।
ਤੁਸੀਂ Online Consultation ਵੀ ਲੈ ਸਕਦੇ ਹੋ।
ਤੁਸੀਂ ਸਾਡੇ ਕੋਲੋਂ ਦਵਾਈਆਂ ਓਵਰਨਾਈਟ ਕੋਰੀਅਰ ਰਾਹੀਂ ਵੀ ਮੰਗਵਾ ਸਕਦੇ ਹੋ।




**Exective Member of council of Homoepathy of NZ, Member of Homeopathic Society of NZ**
Natural Health for all
**website : www.naturallyhealth.co.nz**


## ਸਿਹਤਨਾਮਾ

# ਦੇਸੀ ਘਿਓ ’ਚ ਭਿਉਂ ਕੇ ਖਾਓ ਖਜੂਰ, ਮਿਲੇਗਾ ਫ਼ਾਇਦਾ



ਖਜੂਰ ਇੱਕ ਸਿਹਤਮੰਦ ਸੁਪਰ ਫਲ ਹੈ ਜੋ ਪੂਰੀ ਦੁਨੀਆ ਵਿੱਚ ਖਾਧਾ ਜਾਂਦਾ ਹੈ। ਇਸ ਨੂੰ ਪੌਸ਼ਟਿਕ ਤੱਤਾਂ ਦਾ ਪਾਵਰ ਹਾਊਸ ਕਿਹਾ ਜਾਂਦਾ ਹੈ, ਇਸੇ ਲਈ ਇਹ ਸਿਹਤ ਲਈ ਵਰਦਾਨ ਤੋਂ ਘੱਟ ਨਹੀਂ ਹੈ। ਖਜੂਰ ਜੋ ਕਿ ਦੁਨੀਆ ਦੇ ਬਹੁਤ ਸਾਰੇ ਗਰਮ ਖੰਡੀ ਖੇਤਰਾਂ ਵਿੱਚ ਕਾਸ਼ਤ ਕੀਤੇ ਜਾਂਦੇ ਹਨ, ਨੇ ਬਹੁਤ ਪ੍ਰਸਿੱਧੀ ਪ੍ਰਾਪਤ ਕੀਤੀ ਹੈ। ਫਾਈਬਰ, ਆਇਰਨ ਅਤੇ ਕੁਦਰਤੀ ਸ਼ੂਗਰ ਦਾ ਸਰੋਤ ਹੋਣ ਕਾਰਨ ਇਸ ਫਲ ਦੇ ਕਈ ਸਿਹਤ ਲਾਭ ਹਨ। ਇਸ ਵਿੱਚ ਕੁਦਰਤੀ ਖੰਡ ਦੀ ਮੌਜੂਦਗੀ ਦੇ ਕਾਰਨ, ਇਹ ਸਾਡੀ ਸ਼ੂਗਰ ਦੀ ਲਾਲਸਾ ਨੂੰ ਕਾਫ਼ੀ ਹੱਦ ਤੱਕ ਕਾਬੂ ਕਰਨ ਵਿੱਚ ਵੀ ਮਦਦ ਕਰਦਾ ਹੈ।

ਬਲੱਡ ਪ੍ਰੈਸ਼ਰ ਨੂੰ ਕੰਟਰੋਲ ਕਰਨ ਦੇ ਨਾਲ-ਨਾਲ ਇਹ ਸਾਡੇ ਕੋਲੈਸਟ੍ਰੋਲ ਦੇ ਪੱਧਰ ਨੂੰ ਵੀ ਘਟਾਉਂਦਾ ਹੈ ਅਤੇ ਸਾਡੀ ਸਮੁੱਚੀ ਸਿਹਤ ਲਈ ਬਹੁਤ ਫ਼ਾਇਦੇਮੰਦ ਸਾਬਤ ਹੁੰਦਾ ਹੈ। ਆਯੁਰਵੇਦ ਦਾ ਮੰਨਣਾ ਹੈ ਕਿ ਖਜੂਰ ਦਾ ਨਿਯਮਤ ਸੇਵਨ ਰੋਗ ਪ੍ਰਤੀਰੋਧਕ ਸ਼ਕਤੀ ਨੂੰ ਵਧਾਉਂਦਾ ਹੈ ਅਤੇ ਨਾਲ ਹੀ ਸਰੀਰ ਵਿੱਚ ਊਰਜਾ ਦੇ ਪੱਧਰ ਨੂੰ ਸੁਧਾਰਦਾ ਹੈ ਅਤੇ ਸਮੁੱਚੀ ਸਰੀਰਕ ਸਿਹਤ ਵਿੱਚ ਯੋਗਦਾਨ ਪਾਉਂਦਾ ਹੈ।

**ਖਜੂਰ ਅਤੇ ਦੇਸੀ ਘਿਓ ਆਯੁਰਵੈਦਿਕ ਮੇਲ –** ਆਯੁਰਵੇਦ ਸਿਹਤ ਲਈ ਇੱਕ ਸੰਪੂਰਨ ਪਹੁੰਚ ’ਤੇ ਜ਼ੋਰ ਦਿੰਦਾ ਹੈ। ਇਸ ਸ਼ਕਤੀਸ਼ਾਲੀ ਪ੍ਰਾਚੀਨ ਉਪਾਅ ਵਿੱਚ ਖਜੂਰ ਅਤੇ ਦੇਸੀ ਘਿਓ ਦੇ ਸੁਮੇਲ ’ਤੇ ਬਹੁਤ ਜ਼ੋਰ ਦਿੱਤਾ ਗਿਆ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਘਿਓ ਤਣਾਅ ਨੂੰ ਦੂਰ ਕਰਦਾ ਹੈ ਅਤੇ ਹੱਡੀਆਂ ਦੀ ਸਿਹਤ ਨੂੰ ਮਜ਼ਬੂਤ ਕਰਦਾ ਹੈ, ਇਸ ਦੇ ਨਾਲ ਹੀ ਇਹ ਸਾਡੇ ਦਿਲ ਦੀ ਸਿਹਤ ਲਈ ਵੀ ਚੰਗਾ ਮੰਨਿਆ ਜਾਂਦਾ ਹੈ ਅਤੇ ਜੇਕਰ ਖਜੂਰ ਨੂੰ ਦੇਸੀ ਘਿਓ ਵਿੱਚ ਭਿਉਂ ਕੇ ਖਾਧਾ ਜਾਵੇ ਤਾਂ ਇਹ ਨਾ ਸਿਰਫ਼ ਸਾਡੀ ਰੋਗ ਪ੍ਰਤੀਰੋਧਕ ਸ਼ਕਤੀ ਨੂੰ ਵਧਾਉਂਦਾ ਹੈ ਸਗੋਂ ਸਰੀਰ ਦੇ ਸੈਲਾਂ ਨੂੰ ਮੁੜ ਸੁਰਜੀਤ ਕਰਨ ਵਿੱਚ ਵੀ ਮਦਦ ਕਰਦਾ ਹੈ। ਇਸ ਦਾ ਸੁਮੇਲ ਸਰੀਰ ਨੂੰ ਸ਼ੁੱਧ ਓਜਸ ਅਰਥਾਤ ਤਾਕਤ ਪ੍ਰਦਾਨ ਕਰਦਾ ਹੈ, ਜੋ ਇਨ੍ਹਾਂ ਸਾਰਿਆਂ ਲਈ ਬਹੁਤ ਜ਼ਰੂਰੀ ਹੈ।

**ਖਜੂਰ ਅਤੇ ਦੇਸੀ ਘਿਓ ਮਿਲਾ ਕੇ ਖਾਣ ਦੇ ਫ਼ਾਇਦੇ ਹੁੰਦੇ ਹਨ:**

**ਐਨਰਜੀ ਬੂਸਟਰ ਵਜੋਂ ਕੰਮ ਕਰੇ –** ਖਜੂਰਾਂ ਵਿੱਚ ਗਲੂਕੋਜ਼, ਫਰੂਟੋਜ਼ ਅਤੇ ਸੁਕਰੋਜ਼ ਵਰਗੀ ਕੁਦਰਤੀ ਸ਼ੂਗਰ ਹੁੰਦੀ ਹੈ, ਜੋ ਤੁਰੰਤ ਊਰਜਾ ਬੂਸਟਰ ਵਜੋਂ ਕੰਮ ਕਰਦੇ ਹਨ ਅਤੇ ਜਦੋਂ ਇਸ ਨੂੰ ਦੇਸੀ ਘਿਓ ਵਿੱਚ ਮੌਜੂਦ ਸਿਹਤਮੰਦ ਚਰਬੀ ਨਾਲ ਮਿਲਾਇਆ ਜਾਂਦਾ ਹੈ, ਤਾਂ ਇਹ ਸਰੀਰ ਨੂੰ ਅੰਦਰੋਂ ਮਜ਼ਬੂਤ ਬਣਾ ਕੇ ਬਿਮਾਰੀਆਂ ਤੋਂ ਦੂਰ ਰੱਖਣ ਵਿੱਚ ਵੀ ਮਦਦ ਕਰਦਾ ਹੈ। ਇਸ ਵਿੱਚ ਮੌਜੂਦ ਸ਼ੂਗਰ ਆਸਾਨੀ ਨਾਲ ਪਚ ਜਾਂਦੀ ਹੈ ਅਤੇ ਇਹ ਬਲੱਡ ਸ਼ੂਗਰ ਲੈਵਲ ਨੂੰ ਤੇਜ਼ੀ ਨਾਲ ਵਧਾਉਂਦੀ ਹੈ ਅਤੇ ਸਰੀਰ ਨੂੰ ਤੁਰੰਤ ਊਰਜਾ ਪ੍ਰਦਾਨ ਕਰਦੀ ਹੈ ਅਤੇ ਨਾਲ ਹੀ ਇਸ ਵਿੱਚ ਭਰਪੂਰ ਮਾਤਰਾ ਵਿੱਚ ਫਾਈਬਰ ਹੋਣ ਕਾਰਨ, ਇਹ ਸ਼ੂਗਰ ਦੇ ਸੋਖਣ ਨੂੰ ਹੌਲੀ ਕਰ ਦਿੰਦਾ ਹੈ, ਜੋ ਬਲੱਡ ਸ਼ੂਗਰ ਦੇ ਪੱਧਰ ਵਿੱਚ ਤੇਜ਼ੀ ਨਾਲ ਵਾਧੇ ਅਤੇ ਗਿਰਾਵਟ ਨੂੰ ਰੋਕਣ ਵਿੱਚ ਸਮਰੱਥ ਹੈ, ਇਸ ਲਈ ਇਸ ਨੂੰ ਊਰਜਾ ਦਾ ਇੱਕ ਬਹੁਤ ਵਧੀਆ ਸਰੋਤ ਮੰਨਿਆ ਜਾਂਦਾ ਹੈ।

## ਖਾਣਾ ਖਜ਼ਾਨਾ

# ਪੋਹੇ ਵਾਲੀ ਨਮਕੀਨ



**ਸਮੱਗਰੀ –** 2 ਕੱਪ ਪਤਲੇ ਪੋਹਾ, 2 ਚਮਚ ਤੇਲ, 1/4 ਕੱਪ ਮੂੰਗਫਲੀ, 1/4 ਕੱਪ ਕਾਜੂ, 1/4 ਕੱਪ ਭੁੰਨੀ ਹੋਈ ਛੋਲਿਆਂ ਦੀ ਦਾਲ, 10-15 ਕਰੀ ਪੱਤੇ, 1 ਹਰੀ ਮਿਰਚ ਕੱਟੀ ਹੋਈ, 1/2 ਚਮਚ ਤਿਲ, 1 ਚੁਟਕੀ ਹੀਂਗ, 1 ਚਮਚਾ ਪਾਊਡਰ ਸ਼ੂਗਰ (ਬੂਰਾ), 1/4 ਚਮਚ ਹਲਦੀ ਪਾਊਡਰ, ਲੂਣ ਸੁਆਦ ਅਨੁਸਾਰ

**ਵਿਧੀ –** ਸਭ ਤੋਂ ਪਹਿਲਾਂ ਇੱਕ ਭਾਰੀ ਤਲੇ ਵਾਲੀ ਕੜ੍ਹਾਈ ਜਾਂ ਪੈਨ ਲਓ ਅਤੇ ਇਸ ਵਿੱਚ 2 ਕੱਪ ਪੋਹਾ ਪਾਓ। ਇਸ ਨੂੰ ਮੱਠੀ ਅੱਗ ’ਤੇ ਗਰਮ ਕਰੋ ਅਤੇ ਪੋਹੇ ਨੂੰ ਕੁਰਕੁਰਾ ਹੋਣ ਤੱਕ ਫ੍ਰਾਈ ਕਰੋ। ਜਦੋਂ ਪੋਹਾ ਭੁੰਨਿਆ ਜਾਵੇ ਤਾਂ ਇਸ ਨੂੰ ਅਲੱਗ ਪਲੇਟ ਵਿੱਚ ਕੱਢ ਲਓ।

ਉਸੇ ਪੈਨ ਨੂੰ ਪੂੰਝੋ ਅਤੇ ਇਸ ਵਿੱਚ ਤੇਲ ਗਰਮ ਕਰੋ। ਉਸ ਤੋਂ ਬਾਅਦ ਮੂੰਗਫਲੀ ਪਾਓ ਅਤੇ ਇੱਕ ਮਿੰਟ ਲਈ ਫ੍ਰਾਈ ਕਰੋ। ਕਾਜੂ ਪਾਓ ਅਤੇ ਉਸ ਨੂੰ 30 ਸਕਿੰਟਾਂ ਲਈ ਫ੍ਰਾਈ ਕਰੋ।

ਹੁਣ ਕੱਟੀ ਹੋਈ ਹਰੀ ਮਿਰਚ, ਭੁੰਨੇ ਹੋਏ ਚਨੇ ਦੀ ਦਾਲ, ਕੜ੍ਹੀ ਪੱਤੇ, ਤਿਲ ਅਤੇ ਇੱਕ ਚੁਟਕੀ ਹੀਂਗ ਪਾਓ। ਸਾਰੇ ਸੁੱਕੇ ਮੇਵੇ ਹਲਕੇ ਸੁਨਹਿਰੀ ਹੋਣ ਤੱਕ ਫ੍ਰਾਈ ਕਰੋ। ਇਸ ਵਿੱਚ ਹਲਦੀ ਪਾਊਡਰ, ਪੀਸੀ ਹੋਈ ਚੀਨੀ ਅਤੇ ਸਵਾਦ ਅਨੁਸਾਰ ਨਮਕ ਪਾਓ ਅਤੇ ਚੰਗੀ ਤਰ੍ਹਾਂ ਰਲਾਓ। ਆਖੀਰ ਵਿੱਚ ਭੁੰਨਿਆ ਹੋਇਆ ਪੋਹਾ ਪਾਓ ਅਤੇ ਮਿਸ਼ਰਣ ਨੂੰ ਹੌਲੀ-ਹੌਲੀ ਕੜਛੀ ਨਾਲ ਹਿਲਾ ਕੇ ਚੰਗੀ ਤਰ੍ਹਾਂ ਮਿਲਾਓ।

ਚਿਵੜੇ ਦਾ ਸਵਾਦ ਲਓ, ਤੁਹਾਡਾ ਪੋਹਾ ਨਮਕੀਨ ਸਰਵ ਕਰਨ ਲਈ ਤਿਆਰ ਹੈ।

ਏਅਰਟਾਈਟ ਕਨਟੇਨਰ ਵਿੱਚ ਸਟੋਰ ਕਰਨ ਤੋਂ ਪਹਿਲਾਂ ਇਸ ਨੂੰ ਪੂਰੀ ਤਰ੍ਹਾਂ ਠੰਢਾ ਹੋਣ ਦਿਓ। ਇਹ 2-3 ਹਫ਼ਤਿਆਂ ਤੱਕ ਠੀਕ ਰਹਿੰਦਾ ਹੈ। ਹਰ ਕੋਈ ਇਸ ਘਰੇਲੂ ਨਮਕੀਨ ਨੂੰ ਪਸੰਦ ਕਰਨ ਜਾ ਰਿਹਾ ਹੈ। ਇਹ ਖਾਣ ’ਚ ਹਲਕਾ ਹੈ, ਇਸ ਲਈ ਬੱਚੇ ਵੀ ਇਸ ਨੂੰ ਖਾ ਸਕਦੇ ਹਨ।






# ਸੌੜੀ ਸੋਚ ਦੀ ਲੋੜ

ਨਰੇਸ਼ ਕੁਮਾਰੀ, E-mail: nareshs2489@gmail.com

ਜੇਕਰ ਵੀਹਵੀਂ ਸਦੀ ਦੇ ਅੰਤਲੇ ਦੋ ਦਹਾਕਿਆਂ ਵਿੱਚ ਪਿਛਲੇਰੀ ਝਾਤ ਮਾਰੀਏ ਤਾਂ, ਜ਼ਮਾਨੇ ਵਿਚਲੇ ਵੱਡੇ ਵੱਡੇ ਫ਼ਰਕ ਸਾਫ਼ ਨਜ਼ਰ ਆਉਣਗੇ। ਜਿਨ੍ਹਾਂ ਵਿੱਚੋਂ ਮੈਂ ਅੱਜ ਇੱਕ ਉਤੇ ਚਰਚਾ ਕਰਨ ਜਾ ਰਹੀ ਹਾਂ। ਪਿਛਲਿਆਂ ਸਮਿਆਂ ਵਿੱਚ ਪਰਿਵਾਰਕ ਪੱਧਰ ਤੋਂ ਲੈ ਕੇ ਸੰਸਾਰ ਪੱਧਰ ਤੱਕ ਹਰ ਕਿਸੇ ਦਾ ਸੋਚ ਦਾ ਦਾਇਰਾ ਖੁੱਲ੍ਹਾ ਹੁੰਦਾ ਸੀ। ਆਪਣੇ ਘਰ ਪਰਿਵਾਰ ਦੇ ਜੀਆਂ ਦਾ ਇੱਕ ਦੂਸਰੇ ਪ੍ਰਤੀ ਪਿਆਰ, ਸਤਿਕਾਰ ਤੇ ਮਾਣ ਆਦਰ ਹੋਇਆ ਕਰਦਾ ਸੀ। ਪਰਿਵਾਰ ਦਾ ਵੱਡਾ ਮੈਂਬਰ ਛੋਟੇ ਭਰਾ ਦੇ ਬੱਚੇ ਨੂੰ ਕਦੇ ਕਿਸੇ ਦੂਜੇ ਬੱਚੇ ਦੀ ਗ਼ਲਤੀ ਕਾਰਣ ਝਿੜਕ ਵੀ ਲਵੇ ਤਾਂ ਬੱਚੇ ਦੇ ਮਾਤਾ ਪਿਤਾ ਕਦੇ ਬੁਰਾ ਨਹੀਂ ਮਨਾਉਂਦੇ ਸਨ। ਇਸ ਤਰਾਂ ਇਤਫ਼ਾਕ ਬਣਿਆ ਰਹਿੰਦਾ ਸੀ। ਅੱਜ ਕੱਲ੍ਹ ਜੇਕਰ ਬੱਚਾ ਝੂਠ ਹੀ ਮਾਂ ਬਾਪ ਨੂੰ ਪਰਿਵਾਰ ਦੇ ਮੈਂਬਰ ਬਾਰੇ ਕਹਿ ਦੇਵੇ ਤਾਂ ਕਲੇਸ਼ ਖੜ੍ਹਾ ਹੋ ਜਾਂਦਾ ਹੈ।

ਇੱਥੋਂ ਤੱਕ ਕਿ ਇੱਕ ਦੂਸਰੇ ਦੇ ਖਿਡੌਣਿਆਂ ਤੋਂ ਮਾਵਾਂ ਬਾਪਾਂ ਦੇ ਸਿਰ ਫੱਟ ਜਾਂਦੇ ਹਨ ਤੇ ਉਹ ਸਾਰੀ ਉਮਰ ਇੱਕ ਦੂਜੇ ਨਾਲ ਮਿਲਣਾ ਵਰਤਣਾ ਛੱਡ ਦਿੰਦੇ ਹਨ। ਨਾਲ ਹੀ ਬੱਚਿਆਂ ਦੇ ਕੋਮਲ ਮਨ ਵਿੱਚ ਉਸ ਦੇ ਦੋਸਤ ਬਾਰੇ ਇੰਨਾ ਕੂੜਾ ਭਰਿਆਂ ਜਾਂਦਾ ਹੈ ਕਿ ਉਹ ਵੀ ਉਸ ਨੂੰ ਆਪਣਾ ਦੁਸ਼ਮਣ ਸਮਝਣ ਲੱਗ ਜਾਂਦਾ ਹੈ। ਇਸ ਤਰ੍ਹਾਂ ਸਹਿਚਾਰ ਦੀ ਨੀਂਹ ਪੈਣ ਤੋਂ ਪਹਿਲਾਂ ਹੀ ਢਹਿ ਢੇਰੀ ਹੋ ਜਾਂਦੀ ਹੈ ਤੇ ਬੱਚੇ ਇਕੱਲੇ ਆਪਣੇ ਘਰ ਵਿੱਚ ਵੀਡੀਓ ਗੇਮ ਤੱਕ ਸੀਮਤ ਰਹਿ ਜਾਂਦੇ ਹਨ। ਇਸ ਤਰ੍ਹਾਂ ਉਨ੍ਹਾਂ ਦੇ ਅਧੂਰੇ ਜੀਵਨ ਦੀ ਸ਼ੁਰੂਆਤ ਹੁੰਦੀ ਹੈ। ਜਦੋਂ ਕਿ ਇੱਥੇ ਮਾਤਾ ਪਿਤਾ ਨੂੰ ਆਊਟਡੋਰ ਗੇਮਜ਼ ਤੇ ਬੱਚਿਆਂ ਵਿੱਚ ਘੁਲਣ ਮਿਲਣ ਦੀ ਭਾਵਨਾ ਲਈ ਉਨ੍ਹਾਂ ਨੂੰ ਉਤਪ੍ਰੇਰਕ ਕਰਨਾ ਚਾਹੀਦਾ ਹੈ। ਏਥੇ ਛੋਟੀ ਮੋਟੀ ਸੱਟ ਫੇਟ ਜਾਂ ਥੋੜ੍ਹੇ ਬਹੁਤ ਨੁਕਸਾਨ ਨੂੰ ਆਈ ਗਈ ਕਰ ਦੇਣਾ ਚਾਹੀਦਾ ਹੈ। ਇਸੇ ਤਰ੍ਹਾਂ ਦੀਆਂ ਬੇਹੱਦ ਨਿਗੂਣੀਆਂ ਗੱਲਾਂ ਦੇ ਕਾਰਣ ਰਿਸ਼ਤਿਆਂ ਵਿੱਚ ਵੱਡੇ ਵੱਡੇ ਪਾੜੇ ਪੈ ਜਾਂਦੇ ਹਨ, ਇੱਥੋਂ ਤੱਕ ਕਿ ਜਾਨੀ ਤੇ ਮਾਲੀ ਨੁਕਸਾਨ ਵੀ ਵੱਡੇ ਪੱਧਰ ’ਤੇ ਵਾਪਰ ਜਾਂਦੇ ਹਨ, ਹੈ ਸਹਿਣਸ਼ੀਲਤਾ ਦੀ ਕਮੀ ।ਲੋੜ ਹੈ ਲੰਮੇਰੀ ਝਾਤ ਮਾਰਨ ਦੀ ,ਜਿਸ ਵਿੱਚ ਅਸੀਂ ਬਹੁਤ ਵੱਡੇ ਵੱਡੇ ਨੁਕਸਾਨ ਝੱਲੇ ਹੁੰਦੇ ਹਨ ਤੇ ਕੁੱਝ ਵੀ ਨਹੀਂ ਕਰ ਸਕੇ ਹੁੰਦੇ ਹਾਂ। ਵਿਸ਼ਾ ਬਹੁਤ ਲੰਬਾ ਹੈ ਸੋ ਹੁਣ ਆਪ ਜੀ ਨਾਲ ਉਦਾਹਰਣਾਂ ਹੀ ਸਾਂਝੀਆਂ ਕਰ ਸਕਾਂਗੀ।

# ਪਿੱਛੇ ਜਿਹੇ ਵਰਲਡ ਕੱਪ ਕ੍ਰਿਕਟ ਭਾਰਤ ਤੇ ਆਸਟਰੇਲੀਆ ਵਿਚਕਾਰ ਹੋਇਆ। ਆਸਟਰੇਲੀਆ ਜੇਤੂ ਰਿਹਾ। ਬਾਅਦ ਵਿੱਚ ਭਾਰਤੀ ਲੋਕਾਂ ਨੇ ਜੋ ਖੇਹ ਉਡਾਈ, ਏਥੋਂ ਤੱਕ ਕਿ ਪ੍ਰਧਾਨ ਮੰਤਰੀ ਨੂੰ ਵੀ ਉਲਟਾ ਸਿੱਧਾ ਬੋਲਣ ਤੋਂ ਗੁਰੇਜ਼ ਨਹੀਂ ਕੀਤੀ। ਇਸ ਦੇ ਨਾਲ ਹੀ ਪਾਕਿਸਤਾਨੀ ਖਿਡਾਰੀਆਂ ਨੂੰ ਆਪਣੇ ਹਾਰਣ ਕਾਰਣ ਤੇ ਆਏ ਜ਼ਖ਼ਮਾਂ ਤੇ ਭਾਰਤ ਦੀ ਹਾਰ ਨੇ ਮਲ੍ਹਮ ਦਾ ਕੰਮ ਕੀਤਾ। ਏਨਾ ਹੀ ਨਹੀਂ ਪਹਿਲਾਂ ਵੀ ਲੋਕ ਖੇਡਾਂ ਵਿੱਚ ਦਿਲਚਸਪੀ ਲੈਂਦੇ ਸਨ, ਪਰ ਅੱਜ ਜਿਹੀ ਸ਼ਬਦਾਵਲੀ ਤੇ ਪ੍ਰਤੀਕਿਰਿਆ ਘੱਟ ਹੀ ਦੇਖਣ ਨੂੰ ਮਿਲਦੀ ਸੀ। ਵਰਨਣਯੋਗ ਹੈ ਕਿ ਓਦੋਂ ਵੀ ਆਪਣੀ ਪਸੰਦੀਦਾ ਟੀਮ ਦੇ ਹਾਰਨ ਤੇ ਲੋਕ ਹਰਟ ਅਟੈਕ ਨਾਲ ਮਰ ਜਾਂਦੇ ਸਨ, ਟੀਵੀ ਤੋੜ ਦਿੰਦੇ ਸਨ ਜਾਂ ਗ੍ਰਹਿ ਕਲੇਸ਼ ਖੜ੍ਹਾ ਕਰ ਦਿੰਦੇ ਸਨ। ਪਰ ਸੂਝਵਾਨ ਤੇ ਪੜੇ ਲਿਖੇ ਲੋਕ ਆਪਣੇ ਜਜ਼ਬਾਤਾਂ ਨੂੰ ਨਿਰਪੱਖ ਰੱਖ ਕੇ ਖੇਡ ਨੂੰ ਖੇਡ ਭਾਵਨਾ ਨਾਲ ਉਸ ਦਾ ਅਨੰਦ ਮਾਣਦੇ ਸਨ। ਦੋਸ਼ ਪ੍ਰਤੀ ਦੋਸ਼ ਤੋਂ ਦੂਰ ਰਹਿੰਦੇ ਸਨ।

# ਅੱਜ ਸਾਡੀ ਸੋਚ ਇੰਨੀ ਸੰਕੀਰਣ ਹੋ ਗਈ ਹੈ ਕਿ ਮੀਂਹ ਆਦਿ ਪਿਆ ਹੋਣ ਤੇ ਨਾ ਹੀ ਵਾਹਨ ਚਲਾਉਣ ਵਾਲਾ ਧਿਆਨ ਦਿੰਦਾ ਹੈ ਕਿ ਮੈਂ ਫੁੱਟਪਾਥ ਤੇ ਚੱਲਾਂ ਤਾਂ ਕਿ ਆਉਂਦੇ ਜਾਂਦੇ ਵਾਹਨਾਂ ਤੋਂ ਛਿੱਟੇ ਨਾ ਪੈ ਸਕਣ ਤੇ ਨਾ ਹੀ ਵਾਹਨ ਵਾਲਾ ਤੁਰੇ ਜਾਂਦਿਆਂ ਬਾਰੇ ਸੋਚਦਾ ਹੈ ਤੇ ਉਸ ਦੇ ਕੱਪੜੇ ਚਿੱਕੜ ਨਾਲ ਭਰ ਦਿੰਦਾ ਹੈ,ਸਿੱਟਾ ਉਹੀ ਲੜਾਈ ਝਗੜਾ ਤੇ ਇਸ ਤੋਂ ਅੱਗੇ ਵੀ।

# ਇੰਨਾ ਹੀ ਨਹੀਂ ਘਰਾਂ ਵਿੱਚ ਹਜ਼ਾਰਾਂ ਛੋਟੀਆਂ ਛੋਟੀਆਂ ਉਦਾਹਰਣਾਂ ਮਿਲਦੀਆਂ ਹਨ, ਜਿਹੜੀਆਂ ਸਹਿਣਸ਼ੀਲਤਾ ਤੋਂ ਕੋਹਾਂ ਦੂਰ ਹਨ, ਜਿਵੇਂ ਪਰਿਵਾਰ ਦੇ ਇੱਕ ਜੀਅ ਨੇ ਕੋਈ ਚੀਜ਼ ਜ਼ਮੀਨ ਤੇ ਸੁੱਟ ਦਿੱਤੀ ਜਾਂ ਮਿਥੀ ਗਈ ਥਾਂ ਤੋਂ ਉਰੇ ਪਰੇ ਰੱਖ ਦਿੱਤੀ, ਕਿਸੇ ਬਰਤਨ ਦਾ ਟੁੱਟ ਜਾਣਾ, ਜਾਂ ਕੋਈ ਮਾਇਕ ਜਾਂ ਸਰੀਰਕ ਨੁਕਸਾਨ ਹੋ ਜਾਣਾ, ਅਜਿਹੇ ਹਾਲਾਤਾਂ ਵਿੱਚ ਪਹਿਲਾਂ ਤਾਂ ਇਹ ਸਭ ਕੁੱਝ ਕਰਨ ਵਾਲੇ ਨੂੰ ਹੀ ਪੂਰਾ ਧਿਆਨ ਤੇ ਜ਼ਿੰਮੇਵਾਰੀ ਨਾਲ ਕੰਮ ਕਰਨਾ ਚਾਹੀਦਾ ਹੈ, ਫਿਰ ਵੀ ਦੇ ਖ਼ਤ ਨੀਚ ਹੋ ਵੀ ਜਾਂਦੀ ਹੈ ਤਾਂ ਬਾਕੀ ਮੈਂਬਰਾਂ ਨੂੰ ਸ਼ਾਂਤੀ ਬਣਾਈ ਰੱਖਣੀ ਚਾਹੀਦੀ ਹੈ, ਨੁਕਸਾਨ ਦੀ ਭਰਪਾਈ ਤਾਂ ਫਿਰ ਵੀ ਹੋ ਜਾਂਦੀ ਹੈ, ਰਿਸ਼ਤਿਆਂ ਵਿੱਚ ਪਈ ਤਰੇੜ ਨਹੀਂ ਭਰਦੀ। ਇਨ੍ਹਾਂ ਹੀ ਛੋਟੇ ਛੋਟੇ ਕਾਰਣਾਂ ਤੋਂ ਪਰਿਵਾਰ ਵਿੱਚ ਵੱਡੇ ਵੱਡੇ ਪਾੜੇ ਪੈ ਜਾਂਦੇ ਹਨ ਤੇ ਭੈਣ ਭਰਾ ਇੱਕ ਦੂਸਰੇ ਨਾਲ ਵਰਤਣ ਤੋਂ ਵੀ ਜਾਂਦੇ ਰਹਿੰਦੇ ਹਨ।

# ਕੰਮਕਾਜ ਵਾਲੀਆਂ ਸੰਸਥਾਵਾਂ ਵੱਲ ਜੇ ਝਾਤ ਮਾਰੀ ਜਾਵੇ ਤਾਂ ਉਥੇ ਦੇ ਹਾਲਾਤ ਉਪਰੋਕਤ ਨਾਲੋਂ ਵੀ ਮਾੜੇ ਹਨ। ਹਰ ਕੋਈ (ਕੁਝ ਕੁ ਨੂੰ ਛੱਡ ਕੇ) ਇੱਕ ਦੂਸਰੇ ਨੂੰ ਦੀ ਟੰਗ ਖਿੱਚ ਕੇ, ਢਾਹ ਲਾ ਕੇ, ਬੌਸ ਅੱਗੇ ਨੀਵਾਂ, ਘਟੀਆ ਤੇ ਬੇਈਮਾਨ ਦਿਖਾ ਕੇ ਅੱਗੇ ਵਧਣ ਦੇ ਨਾਲ ਨਾਲ ਦੂਸਰੇ ਦਾ ਬੇੜਾ ਗ਼ਰਕ ਕਰਨ ਵਿੱਚ ਪਰਮ ਸੰਤੁਸ਼ਟੀ ਸਮਝਦਾ ਹੈ। ਅਜਿਹੀਆਂ ਹਰਕਤਾਂ ਅੰਤ ਦਰਜੇ ਦੇ ਘਟੀਆ ਤੇ ਸਵਾਰਥੀ ਲੋਕ ਹੀ ਸਾਜ਼ਿਸ਼ਾਂ ਰਚ ਰਚ ਕੇ ਸ਼ਰੀਫ਼ ਵਰਕਰ ਦਾ ਨੁਕਸਾਨ ਕਰਦੇ ਤੇ ਉਸ ਨੂੰ ਟੈਂਸ਼ਨ ਵਿੱਚ ਪਾਈ ਰੱਖਦੇ ਹਨ। ਇੱਥੇ ਇਹ ਵੀ ਵਰਣਨ ਕਰਨਾ ਜ਼ਰੂਰੀ ਹੋ ਜਾਂਦਾ ਹੈ ਕਿ ਬੌਸ ਵਿੱਚ ਸਹੀ ਜੱਜਮੈਂਟ ਤੇ ਇਮਾਨਦਾਰੀ ਹੋਣੀ ਬਹੁਤ ਜ਼ਰੂਰੀ ਹੈ। ਉਪਰੋਕਤ ਬਿਮਾਰੀ ਨੇ ਨਾ ਕਿ ਭਾਰਤ, ਸਗੋਂ ਸਾਰੇ ਸੰਸਾਰ ਨੂੰ ਗ੍ਰਸਿਆ ਹੋਇਆ ਹੈ। ਸੋ ਆਖ਼ਿਰ ਵਿੱਚ ਇਹੀ ਕਹਾਂਗੀ ਕਿ ਇਮਾਨਦਾਰੀ ਨਾਲ ਕੀਤਾ ਕਰਮ ਹੀ ਇਨਸਾਨ ਦਾ ਧਰਮ ਹੈ ਤੇ ਸਹਿਣਸ਼ੀਲਤਾ ਇਸ ਦਾ ਆਧਾਰ।

# ਨਵੀਂ ਸਰਕਾਰ ਦੀ ਨੀਤੀ ਦੇ ਤਹਿਤ ਟਰਾਂਸਜੈਂਡਰ ਐਥਲੀਟਾਂ ਨੂੰ ਜਨਤਕ ਤੌਰ ’ਤੇ ਫ਼ੰਡ ਪ੍ਰਾਪਤ ਕਰਨ ਵਾਲੀਆਂ ਸਾਰੀਆਂ ਮਹਿਲਾ ਖੇਡਾਂ ’ਤੇ ਪਾਬੰਦੀ

**ਵੈਲਿੰਗਟਨ** – ਨੈਸ਼ਨਲ ਪਾਰਟੀ ਦੀ ਅਗਵਾਈ ਵਾਲੀ ਨਵੀਂ ਸਰਕਾਰ ਨਿਊਜ਼ੀਲੈਂਡ ਦੀਆਂ ਖੇਡ ਸੰਸਥਾਵਾਂ ਨੂੰ ਮਿਲੀਅਨ ਡਾਲਰਾਂ ਦੇ ਜਨਤਕ ਫ਼ੰਡਾਂ ਨੂੰ ਰੋਕਣ ਦੀ ਗੱਲ ਕਹਿ ਰਹੀ ਹੈ ਜੇਕਰ ਉਹ ਟਰਾਂਸਜੈਂਡਰ ਐਥਲੀਟਾਂ ਨੂੰ ਜ਼ਮੀਨੀ ਪੱਧਰ ਦੇ ਮੁਕਾਬਲਿਆਂ ਤੋਂ ਵੱਖ ਕਰਨ ਦੇ ਦਬਾਅ ਦੀ ਪਾਲਣਾ ਨਹੀਂ ਕਰਦੀਆਂ ਹਨ।

ਸਰਕਾਰ ਦੀ ਕੱਟੜਪੰਥੀ ਅਤੇ ਸੰਭਾਵੀ ਤੌਰ ’ਤੇ ਵੰਡਣ ਵਾਲੀ ਨੀਤੀ ਜਨਤਕ ਤੌਰ ’ਤੇ ਫ਼ੰਡ ਪ੍ਰਾਪਤ ਖੇਡ ਸੰਸਥਾਵਾਂ ਨੂੰ ਨਿਰਪੱਖ ਮੁਕਾਬਲੇ ਦਾ ਸਮਰਥਨ ਕਰਨ ਨੂੰ ਯਕੀਨੀ ਬਣਾਉਣ ਲਈ ਏਜੰਡਾ ਨਿਰਧਾਰਿਤ ਕਰਦੀ ਹੈ ਜੋ ਲਿੰਗ ਨਾਲ ਸਬੰਧਿਤ ਨਿਯਮਾਂ ਦੁਆਰਾ ਸਮਝੌਤਾ ਨਹੀਂ ਕੀਤਾ ਜਾਂਦਾ ਹੈ।

ਇਸ ਨੀਤੀ ਦੀ ਅਗਵਾਈ ਨਿਊਜ਼ੀਲੈਂਡ ਫ਼ਸਟ ਦੁਆਰਾ ਕੀਤੀ ਜਾਂਦੀ ਹੈ, ਜਿਸ ਦੇ ਖੇਡ ਅਤੇ ਮਨੋਰੰਜਨ ਦੇ ਬੁਲਾਰੇ ਐਂਡੀ ਫੋਸਟਰ ਦਾ ਕਹਿਣਾ ਹੈ ਕਿ, ‘ਇਹ ਔਰਤਾਂ ਲਈ ਖੇਡ ਵਿੱਚ ਨਿਰਪੱਖਤਾ ਅਤੇ ਸੁਰੱਖਿਆ ਬਾਰੇ’ ਹੈ।

ਹਾਲਾਂਕਿ, ਟਰਾਂਸਜੈਂਡਰ ਐਥਲੀਟ ਅਤੇ ਦੋ ਵਾਰ ਦੀ ਨੈਸ਼ਨਲ ਚੈਂਪੀਅਨ ਮਾਊਂਟੇਨ ਬਾਈਕਰ ਕੇਟ ਵੇਦਰਲੀ ਨੂੰ ਡਰ ਹੈ ਕਿ ਇਸ ਨਾਲ ਅਥਲੀਟਾਂ ਨੂੰ ਪੁਰਸ਼ਾਂ ਦੇ ਮੁਕਾਬਲਿਆਂ ਲਈ ਮਜਬੂਰ ਕੀਤਾ ਜਾਵੇਗਾ ਜਾਂ ਪੂਰੀ ਤਰ੍ਹਾਂ ਨਾਲ ਪਾਸੇ ਕਰ ਦਿੱਤਾ ਜਾਵੇਗਾ।

ਜਦੋਂ ਕਿ ਪਿਛਲੀਆਂ ਸਰਕਾਰਾਂ ਨੇ ਖੇਡ ਸੰਸਥਾਵਾਂ ਨੂੰ ਪਰੇਸ਼ਾਨ ਟਰਾਂਸਜੈਂਡਰ ਖ਼ੇਤਰ ਤੋਂ ਦੂਰ ਰਹਿ ਕੇ ਕੰਮ ਕਰਨ ਲਈ ਛੱਡ ਦਿੱਤਾ ਸੀ, ਨੈਸ਼ਨਲ ਦੀ ਅਗਵਾਈ ਵਾਲੀ ਸਰਕਾਰ ਇਸ ਮੁੱਦੇ ਨੂੰ ਸਿੱਧੇ ਨਜਿੱਠਣ ਦਾ ਇਰਾਦਾ ਰੱਖਦੀ ਹੈ।

ਇੰਟਰਨੈਸ਼ਨਲ ਖੇਡ ਸੰਸਥਾਵਾਂ, ਜਿਨ੍ਹਾਂ ਵਿੱਚ ਕ੍ਰਿਕਟ, ਰਗਬੀ ਲੀਗ ਅਤੇ ਤੈਰਾਕੀ ਸ਼ਾਮਲ ਹਨ, ਨੇ ਟਰਾਂਸਜੈਂਡਰ ਔਰਤਾਂ ਨੂੰ ਉਨ੍ਹਾਂ ਦੇ ਸਬੰਧਿਤ ਏਲੀਟ ਫੈਮਲੀ ਕੋਡਾਂ ਤੋਂ ਪਾਬੰਦੀ ਲਗਾ ਦਿੱਤੀ ਹੈ।

ਹਾਲਾਂਕਿ ਐਨਜ਼ੈਡ ਫ਼ਸਟ ਤੇ ਨੈਸ਼ਨਲ ਪਾਰਟੀ ਦਾ ਨੀਤੀ ਸਮਝੌਤਾ, ਕਮਿਊਨਿਟੀ ਖੇਡਾਂ ਵਿੱਚ ਭਾਗੀਦਾਰੀ ਨੂੰ ਨਿਸ਼ਾਨਾ ਬਣਾ ਕੇ ਸਪੈਕਟ੍ਰਮ ਦੇ ਸ਼ੁਕੀਨ ਅੰਤ ’ਤੇ ਲਾਗੂ ਹੁੰਦਾ ਹੈ।

ਐਮੀਚਿਓਰ ਗੇਮਜ਼ ਵਿੱਚ ਮੁਕਾਬਲਾ ਕਰਨ ਵਾਲੀਆਂ ਟਰਾਂਸਵੂਮੈਨਾਂ ਦੀ ਘੱਟੋ-ਘੱਟ ਸੰਖਿਆ ਨੂੰ ਦੇਖਦੇ ਹੋਏ, ਨੈਸ਼ਨਲ ਚੈਂਪੀਅਨ ਮਾਊਂਟੇਨ ਬਾਈਕਰ ਕੇਟ ਵੈਦਰਲੀ ਨੂੰ ਡਰ ਹੈ ਕਿ ਇਨ੍ਹਾਂ ਨੂੰ ਜ਼ਮੀਨੀ ਪੱਧਰ ਤੋਂ ਬਾਹਰ ਕੀਤਾ ਜਾ ਸਕਦਾ ਹੈ।

NZ COUNCIL OF SIKH AFFAIRS
ਨਿਊਜ਼ੀਲੈਂਡ ਕਾਉਂਸਲ ਔਫ ਸਿੱਖ ਅਫੇਅਰਜ਼
ਸਿੱਖਾਂ ਦੀ ਅੰਤਰਰਾਸ਼ਟਰੀ ਨੁਮਾਇੰਦਾ ਸੰਸਥਾ
ਆਓ ਇਕ-ਦੂਜੇ ਨਾਲ ਰਲ-ਮਿਲ ਕੇ ਆਪਣੀ ਕੌਮ ਦਾ ਭਵਿੱਖ ਆਪਣੇ ਹੱਥੀਂ ਸਵਾਰੀਏ।
ਮੈਂਬਰਸ਼ਿਪ ਹੁਣ ਖੁੱਲ੍ਹੀ ਹੈ!
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: info@nz-csa.org



# ਜ਼ਰੂਰੀ ਹੈ.........

ਸਟੇਟ ਐਵਾਰਡੀ ਮਾਸਟਰ ਸੰਜੀਵ ਧਰਮਾਣੀ, ਇੰਡੀਆ ਬੁੱਕ ਆਫ਼ ਰਿਕਾਰਡਜ਼ ਹੋਲਡਰ
ਸ੍ਰੀ ਅਨੰਦਪੁਰ ਸਾਹਿਬ, ਫ਼ੋਨ ਨੰਬਰ: 0091 9478561356

ਮਨੁੱਖ ਦਾ ਅਕਸਰ ਇਹ ਚੰਗਾ ਗੁਣ ਅਤੇ ਸੁਭਾਅ ਰਿਹਾ ਹੈ ਕਿ ਉਹ ਹਮੇਸ਼ਾ ਕੁੱਝ ਨਾ ਕੁੱਝ ਨਵਾਂ ਸਿੱਖਦਾ, ਕਰਦਾ ਤੇ ਸਮਝਦਾ ਰਹਿੰਦਾ ਹੈ। ਮੈਂ ਵੀ ਜ਼ਿੰਦਗੀ ਵਿੱਚ ਕੁੱਝ ਨਾ ਕੁੱਝ ਗੱਲ – ਗਿਆਨ ਆਪਣੇ ਆਲੇ-ਦੁਆਲੇ, ਵੱਡੇ-ਵਡੇਰਿਆਂ, ਬਜ਼ੁਰਗਾਂ, ਵਿਦਵਾਨਾਂ ਜਾਂ ਫ਼ੱਕਰਾਂ-ਫ਼ਕੀਰਾਂ, ਸਾਧੂ-ਸੰਤਾਂ ਤੋਂ ਜਿੱਥੋਂ ਤੱਕ ਸੰਭਵ ਹੋ ਸਕੇ ਗਿਆਨ ਹਾਸਿਲ ਕਰਦਾ ਰਹਿੰਦਾ ਹਾਂ, ਕਿਉਂਕਿ ਕਹਿੰਦੇ ਹਨ ਕਿ ਗਿਆਨ ਵਿੱਚ ਹੀ ਸ਼ਕਤੀ ਹੈ ਅਤੇ ਇਹ ਹੈ ਵੀ ਬਹੁਤ ਸੱਚੀ ਤੇ ਪਰਪੱਕ ਜਿਹੀ ਗੱਲ। ਅਕਸਰ ਮੈਂ ਆਉਂਦੇ-ਜਾਂਦੇ ਆਪਣੇ ਨਜ਼ਦੀਕ ਦੇ ਧਾਰਮਿਕ ਸਥਾਨਾਂ ’ਤੇ ਆਪਣੇ ਮਨ ਦੀ ਪ੍ਰਵਿਰਤੀ, ਮਨ ਦੀ ਸ਼ਾਂਤੀ, ਮਨ ਦੀ ਸੰਤੁਸ਼ਟੀ ਜਾਂ ਕਹਿ ਲਵੋ ਪਰਮਾਤਮਾ ਨਾਲ ਪਿਆਰ ਦੀ ਭਾਵਨਾ, ਲਗਨ ਤੇ ਵਿਸ਼ਵਾਸ ਕਰਕੇ ਵੱਖ-ਵੱਖ ਧਾਰਮਿਕ ਸਥਾਨਾਂ ’ਤੇ ਆਉਂਦਾ-ਜਾਂਦਾ ਰਹਿੰਦਾ ਹਾਂ, ਪਤਾ ਨਹੀਂ ਕਿਉਂ ? ਪਰ ਕਈ ਵਾਰ ਮੇਰੇ ਮਿੱਤਰਾਂ-ਦੋਸਤਾਂ ਨੇ ਵੀ ਇਸ ਤੇ ਹਲਕੀ-ਫੁਲਕੀ ਜਿਹੀ ਟਿੱਪਣੀ ਵੀ ਕੀਤੀ ਕਿ, ‘ਇਸ ਤਰ੍ਹਾਂ ਧਾਰਮਿਕ ਸਥਾਨਾਂ ’ਤੇ ਰੋਜ਼ਾਨਾ ਜਾਣ ਦਾ ਕੀ ਫ਼ਾਇਦਾ ਜਾਂ ਉਥੇ ਜਾਣਾ ਨਾਲ ਕੀ ਪ੍ਰਾਪਤ ਹੋ ਸਕਦਾ ਹੈ? ਪ੍ਰਮਾਤਮਾ ਤਾਂ ਹਰ ਥਾਂ ਹੈ’। ਭਾਵੇਂ ਕਿ ਇਹ ਗੱਲ ਮੈਂ ਵੀ ਜਾਣਦਾ ਹਾਂ ਕਿ ਪ੍ਰਮਾਤਮਾ ਤਾਂ ਹਰ ਥਾਂ ਹੈ ਤੇ ਕਿਸੇ ਵੀ ਥਾਂ ਬੈਠ ਕੇ ਭਜਨ-ਬੰਦਗੀ ਨਾਲ ਉਸ ਨੂੰ ਸਿਮਰਿਆ ਜਾ ਸਕਦਾ ਹੈ, ਪਰ ਪਤਾ ਨਹੀਂ ਫਿਰ ਵੀ ਕਿਉਂ ਆਪਣੀ ਆਤਮਾ ਦੇ ਪ੍ਰਮਾਤਮਾ ਨਾਲ ਲਗਾਓ ਕਰਕੇ ਮੈਂ ਜਦੋਂ ਵੀ ਆਪਣੇ ਰੋਜ਼ਾਨਾ ਦੇ ਕੰਮਾਂ-ਕਾਰਾਂ ਲਈ ਕਿਧਰੇ ਆਉਂਦਾ ਜਾਂਦਾ ਹਾਂ ਤਾਂ ਜੋ ਵੀ ਨਜ਼ਦੀਕ ਦਾ ਧਾਰਮਿਕ ਸਥਾਨ ਹੁੰਦਾ ਹੈ, ਉਥੇ ਭਾਵੇਂ ਰੋਜ਼ਾਨਾ ਨਹੀਂ ਤਾਂ ਕਦੇ-ਕਦਾਈਂ ਜ਼ਰੂਰ ਮੱਥਾ ਟੇਕਣ ਨਤਮਸਤਕ ਹੋਣ ਦਾ ਮਨ ਬਣ ਹੀ ਜਾਂਦਾ ਹੈ ਤੇ ਮੈਂ ਉਥੇ ਮੱਥਾ ਟੇਕ ਵੀ ਆਉਂਦਾ ਹਾਂ। ਸਮਾਂ ਬਤੀਤ ਹੁੰਦਾ ਰਿਹਾ। ਇੱਕ ਦਿਨ ਅਚਾਨਕ ਇੱਕ ਵਿਦਵਾਨ ਮਹਾਂਪੁਰਖ ਜੀ ਨਾਲ ਇਸ ਬਾਰੇ ਵਿਚਾਰ-ਚਰਚਾ ਹੋਈ ਤੇ ਮੈਂ ਉਨ੍ਹਾਂ ਨੂੰ ਦੱਸਿਆ ਕਿ ਮੈਂ ਇਸ ਵਿਸ਼ੇ ਬਾਰੇ ਸੱਚਮੁੱਚ ਦੁਚਿੱਤੀ ਵਿੱਚ ਹਾਂ, ਪਰ ਮੇਰਾ ਮਨ ਫਿਰ ਵੀ ਇਨ੍ਹਾਂ ਧਾਰਮਿਕ ਸਥਾਨਾਂ ’ਤੇ ਮੈਨੂੰ ਜਾਣ ਲਈ ਕਹਿੰਦਾ ਹੀ ਰਹਿੰਦਾ ਹੈ। ਫਿਰ ਉਨ੍ਹਾਂ ਵਿਦਵਾਨਾਂ ਨੇ ਮੈਨੂੰ ਪੁੱਛਿਆ ਕਿ ਹਵਾ ਕਿੱਥੇ ਹੈ? ਫੇਰ ਉਨ੍ਹਾਂ ਮਹਾਂਪੁਰਖਾਂ ਨੇ ਕਿਹਾ ਕਿ ਅਸੀਂ ਆਪਣੀ ਕਾਰ, ਸਕੂਟਰ, ਮੋਟਰਸਾਈਕਲ ਜਾਂ ਸਾਈਕਲ ਵਿੱਚ ਹਵਾ ਭਰਵਾਉਣ ਲਈ ਕਿੱਥੇ ਜਾਂਦੇ ਹਾਂ? ਤਾਂ ਮੈਂ ਜਵਾਬ ਦਿੱਤਾ ਕਿ ਹਵਾ ਤਾਂ ਹਰ ਥਾਂ ਹੈ, ਪਰ ਅਸੀਂ ਖ਼ਾਸ ਦੁਕਾਨ ’ਤੇ ਹੀ ਵਾਹਨਾਂ ਵਿੱਚ ਹਵਾ ਭਰਵਾਉਣ ਲਈ ਜਾਂਦੇ ਹਾਂ। ਫਿਰ ਉਹ ਮੈਨੂੰ ਸਮਝਾਉਂਦੇ ਹੋਏ ਕਹਿਣ ਲੱਗੇ ਕਿ ਜਿਸ ਤਰ੍ਹਾਂ ਹਵਾ ਤਾਂ ਹਰ ਥਾਂ ਹੈ, ਪਰ ਜਿਸ ਤਰ੍ਹਾਂ ਸਕੂਟਰ, ਮੋਟਰਸਾਈਕਲ ਜਾਂ ਕਾਰ ਆਦਿ ਵਿੱਚ ਹਵਾ ਭਰਵਾਉਣ ਲਈ ਸਾਨੂੰ ਕਿਸੇ ਖ਼ਾਸ ਦੁਕਾਨ ਜਾਂ ਥਾਂ ’ਤੇ ਜਾਣ ਦੀ ਲੋੜ ਪੈਂਦੀ ਹੈ, ਉਸੇ ਤਰ੍ਹਾਂ ਪ੍ਰਮਾਤਮਾ ਤਾਂ ਹਰ ਥਾਂ ਹੈ, ਪਰ ਉਸ ਨੂੰ ਸਮਝਣ, ਉਸ ਦੇ ਨੇੜੇ ਹੋਣ, ਉਸ ਨੂੰ ਆਪਣੇ ਵਿੱਚ ਸਮਾਹਿਤ ਕਰਨ, ਉਸ ਨੂੰ ਯਾਦ ਕਰਨ ਤੇ ਉਸ ਦੀ ਸਕਾਰਾਤਮਿਕ ਊਰਜਾ ਨੂੰ ਹਾਸਲ ਕਰਨ ਲਈ ਸਾਨੂੰ ਆਪਣੇ ਨਜ਼ਦੀਕ ਜਾਂ ਦੂਰ-ਪਾਰ ਦੇ ਪਾਵਨ-ਪਵਿੱਤਰ ਧਾਰਮਿਕ ਅਸਥਾਨਾਂ ’ਤੇ ਜਾਣ ਦੀ ਜ਼ਰੂਰਤ ਪੈਂਦੀ ਹੈ। ਇਹ ਗੱਲ ਸੁਣ ਕੇ ਮੇਰੇ ਮਨ ਦੀ ਦੁਚਿੱਤੀ ਦੂਰ ਹੋ ਗਈ ਤੇ ਮੈਂ ਸਮਝ ਗਿਆ ਕਿ ਸੱਚਮੁੱਚ ਸਾਨੂੰ ਇਨ੍ਹਾਂ ਪਾਵਨ-ਪਵਿੱਤਰ ਧਾਰਮਿਕ ਅਸਥਾਨਾਂ ’ਤੇ ਜ਼ਰੂਰ ਜਾਣਾ ਚਾਹੀਦਾ ਹੈ, ਇਨ੍ਹਾਂ ਦੇ ਇਤਿਹਾਸ ਨੂੰ ਵੀ ਸਮਝਣਾ ਚਾਹੀਦਾ ਹੈ ਤੇ ਜਾਣਾ ਹੈ ਵੀ ਜ਼ਰੂਰੀ...।





# ਜ਼ਿੰਦਗੀ ਜ਼ਿੰਦਾ-ਦਿਲੀ ਦਾ ਨਾਂਅ ਹੈ

ਲੇਖਕ – ਸੁਰਮੁੱਖ ਸਿੰਘ ਗਿੱਲ, ਫ਼ਤਿਹਗੜ੍ਹ ਸਾਹਿਬ
ਨਿਊਜ਼ੀਲੈਂਡ ਨੰਬਰ: 028 851 3921, ਵਟਸਐੱਪ ਨੰਬਰ: +91 75269 25297

ਸਕਾਰਾਤਮਿਕ ਵਿਚਾਰਾਂ ਸੋਚਾਂ ਭਾਵਨਾਵਾਂ ਹੋਣ ਦਾ ਨਾ ਜ਼ਿੰਦਾ-ਦਿਲੀ ਹੈ, ਜਦੋਂ ਚੰਗਾ ਸੋਚੋਗੇ ਤਾਂ ਚੰਗਾ ਹੋਏਗਾ ਆਪਣੇ ਵਾਰੇ ਘਟੀਆ ਨਾ ਸੋਚੋ ਸਗੋਂ ਚੜ੍ਹਦੀ ਕਲਾ ਵਿੱਚ ਰਹੋ। ਸ਼ਾਂਤ ਚਿੱਤ ਰਹਿਣ ਵਿੱਚ ਹੀ ਤੁਹਾਡੀ ਤਾਕਤ ਹੈ ਆਪਣੇ ਜੀਵਨ ਵਾਰੇ ਉਤਸ਼ਾਹਿਤ ਰਹੋ ਸਰਬੱਤ ਦਾ ਭਲਾ ਸੋਚੋ ਦੁਨੀਆ ਉਨ੍ਹਾਂ ਦਾ ਸਾਥ ਦਿੰਦੀ ਹੈ ਜੋ ਸਦਾ ਚੜ੍ਹਦੀ ਕਲਾ ਤੇ ਉਤਸ਼ਾਹਿਤ ਰਹਿੰਦੇ ਹਨ, ਉਦਾਸੀ ਮਾਯੂਸੀ ਨਿਰਾਸ਼ਾ ਨੂੰ ਕੋਹਾਂ ਦੂਰ ਰੱਖੋ ਜੀਵਨ ਵਿੱਚ ਤੁਹਾਨੂੰ ਵਿਅਕਤੀ ਮਿਲਣਗੇ ਉਨ੍ਹਾਂ ਕੋਲੋਂ ਪ੍ਰੇਰਨਾ ਲਵੋ।

ਸਮਾਜ ਵਿੱਚ ਜੋ ਵੀ ਉਦਾਸ ਜਾਂ ਢਹਿੰਦੀ ਕਲਾ ਵਾਲੇ ਮਨੁੱਖ ਮਿਲਦੇ ਹਨ ਉਨ੍ਹਾਂ ਨੂੰ ਪਿਆਰ ਦਿਓ ਅੱਗੇ ਵਧਣ ਵਿੱਚ ਸਹਾਇਤਾ ਕਰੋ। ਅਧਿਆਤਮਿਕ ਤੇ ਧਾਰਮਿਕ ਬਿਰਤੀ ਵਾਲੇ ਵਿਅਕਤੀਆਂ ਦੀ ਸੰਗਤ ਵਿੱਚ ਵੱਧ ਤੋਂ ਵੱਧ ਸਮਾਂ ਬਿਤਾਓ, ਮਾਨਸਿਕ ਚਿੰਤਾ ਨਹੀਂ ਕਰਨੀ ਚਾਹੀਦੀ। ਇਸ ਤੋਂ ਬਚਣ ਲਈ ਜ਼ਰੂਰਤ ਹੈ ਮਨ ਦੀਆਂ ਲਾਲਸਾਵਾਂ ਤੇ ਇੱਛਾਵਾਂ ਨੂੰ ਕਾਬੂ ਵਿੱਚ ਰੱਖਿਆ ਜਾਏ। ਸਮਾਜਿਕ ਸੇਵਾ ਕਰਕੇ ਵੀ ਚਿੰਤਾ ਤੋਂ ਬਚਿਆ ਜਾ ਸਕਦਾ ਹੈ। ਅਜੋਕੇ ਸਮੇਂ ਵਿੱਚ ਨਫ਼ਰਤ ਈਰਖਾ ਦਿਖਾਵਾ ਇੱਕ ਦੂਜੇ ਤੋਂ ਅੱਗੇ ਨਿਕਲਣ ਦੀ ਹੋੜ ਅਤੇ ਹਉਮੈ ਦਾ ਪਸਾਰਾ ਖ਼ਤਰਨਾਕ ਹੈ, ਸਕਾਰਾਤਮਿਕ ਸੋਚ ਹਮੇਸ਼ਾ ਸਾਰਥਿਕ ਹੁੰਦੀ ਹੈ।

ਜ਼ਿੰਦਗੀ ਦੇ ਨਾਮ ਤੋਂ ਹੀ ਸਪਸ਼ਟ ਹੈ ਕਿ ਮਨੁੱਖ ਨੂੰ ਆਪਣੀ ਜ਼ਿੰਦਗੀ ਰੱਜ ਕਿ ਜਿਊਂਣੀ ਚਾਹੀਦੀ ਹੈ। ਕਿਤਾਬਾਂ ਮਨੁੱਖ ਦੀਆਂ ਸੱਚੀਆਂ ਦੋਸਤ ਹਨ, ਜਿਹੜੀਆਂ ਦੁੱਖ, ਸੁੱਖ, ਗ਼ਮੀ ਤੇ ਖ਼ੁਸ਼ੀ ਵਿੱਚ ਮਨੁੱਖ ਦਾ ਸਾਥ ਦਿੰਦੀਆਂ ਹਨ। ਮਨੁੱਖ ਪੁਸਤਕਾਂ ਤੋਂ ਸੇਧ ਲੈ ਕਿ ਜ਼ਿੰਦਗੀ ਦੀਆ ਮੁਸ਼ਕਲਾਂ ਦਾ ਸਾਹਮਣਾ ਕਰ ਸਕਦਾ ਹੈ। ਸਿਆਣਿਆ ਦਾ ਕਥਨ ਹੈ ਜੀਵਨ ਦੁਰਲੱਭ ਹੈ ਵਾਰ-ਵਾਰ ਨਹੀਂ ਮਿਲਦਾ ਜੋ ਪ੍ਰਾਪਤ ਹੈ ਉਸ ਨੂੰ ਸਾਰਥਿਕ ਬਣਾਇਆ ਜਾਏ। ‘ਦੋ ਪੈਰ ਘੱਟ ਤੁਰਨਾ ਪਰ ਤੁਰਨਾ ਮੜਕ ਦੇ ਨਾਲ’ ਦੇ ਕਥਨ ਦੇ ਅਰਥ ਸਮਝਣ ਦੀ ਲੋੜ ਹੈ, ਜ਼ਿੰਦਗੀ ਅੰਦਰ ਸਿਰਜਣਾਤਮਿਕ ਵਲਵਲੇ ਜਗਾ ਕਿ ਕੋਈ ਅਜਿਹਾ ਕਾਰਜ ਕਰੋ ਕਿ ਲੋਕ ਤੁਹਾਨੂੰ ਯਾਦ ਕਰਨ। ਮਹਾਨ ਲੇਖਕਾਂ ਦੀਆ ਰਚਨਾਵਾਂ ਮਾਨਵ ਜਾਤੀ ਨੂੰ ਦਿੱਤੀਆਂ ਗਈਆਂ ਅਸੀਸਾਂ ਹੁੰਦੀਆਂ ਹਨ, ਉਚੇਰੀ ਪੱਧਰ ਦੀਆਂ ਲਿਖਤਾਂ ਪੜ੍ਹਨੀਆਂ ਇੱਕ ਤਰ੍ਹਾਂ ਨਾਲ ਮਹਾਨ ਵਿਅਕਤੀਆਂ ਨਾਲ ਗੱਲਾਂ ਕਰਨੀਆਂ ਹੁੰਦੀਆਂ ਹਨ।

ਅੱਜ ਸਮੇਂ ਦੀ ਲੋੜ ਹੈ ਨਵੀਂ ਪਨੀਰੀ ਨੂੰ ਪੁਸਤਕ ਨਾਲ ਜੋੜਿਆ ਜਾਏ ਤਾਂ ਕਿ ਉਹ ਇਲੈਕਟ੍ਰੋਨਿਕ ਮੀਡੀਆ ਦੀ ਘੱਟ ਵਰਤੋ ਕਰਨ। ਬੱਚੇ ਸਾਡਾ ਸਰਮਾਇਆ ਹਨ ਅੱਜ ਦੇ ਪਦਾਰਥਵਾਦੀ ਯੁੱਗ ਦਾ ਸਭ ਤੋਂ ਵੱਧ ਅਸਰ ਬੱਚਿਆਂ ਉਤੇ ਪਿਆ ਹੈ। ਜੋ ਬਜ਼ੁਰਗਾਂ ਦੇ ਲਾਡ ਪਿਆਰ ਤੋਂ ਵਾਂਝੇ ਹੋ ਗਏ ਹਨ ਅਤੇ ਮਾਪਿਆਂ ਦੇ ਸਾਥ ਤੋ ਵੀ ਬਚ ਰਹੇ ਹਨ ਸਮੇਂ ਦੀ ਲੋੜ ਹੈ ਕਿ ਬਚਪਨ ਦੇ ਸਰਮਾਏ ਨੂੰ ਨਿੱਘਰ ਸੋਚ ਦੇਈਏ ਤਾਂ ਕਿ ਬਚਪਨ ਅਤੇ ਬੁਢੇਪੇ ਨੂੰ ਸਾਂਭਿਆ ਜਾ ਸਕੇ।

ਜ਼ਿੰਦਾ-ਦਿਲੀ ਨਾਲ ਰਿਟਾਇਰਮੈਂਟ ਤੋਂ ਬਾਅਦ ਭਰਪੂਰ ਜੀਵਨ ਜਿਊਣ ਦੀ ਕਲਾ ਆਉਣੀ ਚਾਹੀਦੀ ਹੈ ਹੁਣ ਸਵਾਲ ਉਠ ਦਾ ਹੈ ਕਿ ਸੱਠ ਸਾਲ ਤੋਂ ਬਾਅਦ ਸਹਿਜ ਭਰਪੂਰ ਜੀਵਨ ਕਿਵੇਂ ਜੀਵਿਆ ਜਾਏ ਜਿਸ ਨਾਲ ਇੱਜ਼ਤ, ਮਾਨ, ਸਤਿਕਾਰ ਵੀ ਕਾਇਮ ਰਹੇ ਅਤੇ ਸਮਾਂ ਵੀ ਵਧੀਆ ਬਤੀਤ ਹੋਵੇ।

ਇਸ ਦੇ ਲਈ ਸਮਾਜ ਸੁਧਾਰ ਕੰਮਾਂ ਨਾਲ ਜੁੜੋ, ਆਸ਼ਾਵਾਦੀ ਨਜ਼ਰੀਆ ਰੱਖੋ, ਚੰਗੀਆਂ ਪੁਸਤਕਾਂ ਪੜ੍ਹੋ, ਗਿਆਨ ਹਾਸਲ ਕਰੋ ਇਸ ਤੋਂ ਇਲਾਵਾ ਪ੍ਰਕਿਰਤੀ ਵਿੱਚ ਵਿਚਰਣ ਲਈ ਖੇਤੀਬਾੜੀ, ਬਾਗ਼ਬਾਨੀ, ਯੋਗਾ, ਕਸਰਤ, ਸੈਰ ਕਰਨੀ, ਧਾਰਮਿਕ ਅਤੇ ਸਾਹਿਤਕ ਕੰਮਾਂ ਵਿੱਚ ਜੁੱਟ ਜਾਣਾ ਚਾਹੀਦਾ ਹੈ। ਸਵੈ ਤੋਂ ਰਿਟਾਇਰ ਨਾ ਹੋਵੋ, ਵੱਧ ਦੀ ਉਮਰ ਤੇ ਖ਼ਰਾਬ ਸਿਹਤ ਦਾ ਅਲਾਪ ਕਰਦੇ ਰਹਿਣਾ ਠੀਕ ਨਹੀਂ, ਆਪਣੇ ਆਪ ਨੂੰ ਮਾਨਸਿਕ ਤੇ ਵਿਚਾਰਕ ਤੌਰ ’ਤੇ ਚੜ੍ਹਦੀ ਕਲਾ ਵਿੱਚ ਰੱਖੋ, ਅਗਾਂਹਵਾਦੀ ਨਜ਼ਰੀਆ ਰੱਖੋ, ਜ਼ਿੰਦਗੀ ਦੇ ਹਰ ਪਲ ਨੂੰ ਮਾਣੋ, ਦੋਸਤਾਂ ਦਾ ਦਾਇਰਾ ਵਿਸ਼ਾਲ ਰੱਖੋ, ਦ੍ਰਿੜ੍ਹ ਇਰਾਦਾ ਅਤੇ ਆਤਮ ਵਿਸ਼ਵਾਸ ਢਾਹੂ ਸੋਚ ਨੂੰ ਨੇੜੇ ਫਟਕਣ ਨਹੀਂ ਦਿਓ, ਆਪਣੀਆਂ ਚੰਗੀਆਂ ਤੇ ਖ਼ੁਸ਼ਗਵਾਰ ਯਾਦਾਂ ਨੂੰ ਤਾਜ਼ਾ ਰੱਖੋ, ਆਪਣੇ ਅੰਦਰ ਗੁਣਾ ਦੀ ਹੋਂਦ ਨੂੰ ਮਹਿਸੂਸ ਕਰੋ, ਭਰਪੂਰ ਜੀਵਨ ਜੀਓ, ਆਉਣ ਵਾਲੇ ਭਵਿੱਖ ਲਈ ਸੋਹਣੇ ਸੁਪਨੇ ਸਿਰਜੋ, ਮਾਪੇ ਹੁੰਦੇ ਬੋਹੜ ਦੀਆ ਛਾਵਾਂ ਨਸੀਬਾਂ ਵਾਲੇ ਅਨੰਦ ਮਾਣਦੇ, ਆਪਣੇ ਬੱਚਿਆ ਨੂੰ ਚੰਗੇ ਸੰਸਕਾਰ ਦੇਣ ਲਈ ਉਨ੍ਹਾਂ ਨੂੰ ਆਪਣੇ ਸਾਏ ਥੱਲੇ ਰੱਖਣ ਦੀ ਕੋਸ਼ਿਸ਼ ਕਰੋ ਤਾਂ ਕਿ ਉਹ ਚੰਗੇ ਸੰਸਕਾਰ ਲੈ ਸਕਣ, ਆਪਸੀ ਪਿਆਰ ਵੀ ਵਧੇ ਅਤੇ ਬਜ਼ੁਰਗਾਂ ਨੂੰ ਇੱਕਲਤਾ ਮਹਿਸੂਸ ਨਾ ਹੋਵੇ ਤਾਂ ਕਿ ਉਹ ਆਪਣੀ ਜ਼ਿੰਦਗੀ ਜ਼ਿੰਦਾ-ਦਿਲੀ ਨਾਲ ਜੀ ਸਕਣ। ਸਵੇਰੇ-ਸ਼ਾਮ ਉਨ੍ਹਾਂ ਨਾਲ ਸਮਾਂ ਬਿਤਾਈਏ ਮਾਪਿਆਂ ਨੂੰ ਨਕਾਰਨ ਦੀ ਬਜਾਏ ਹਰ ਖ਼ੁਸ਼ੀ ਵਿੱਚ ਸ਼ਾਮਲ ਕਰੀਏ ਜਿਦਾਦਿਲੀ ਵਾਲੇ ਚਿਹਰੇ ’ਤੇ ਹਾਸਾ ਹੁੰਦਾ ਹੈ, ਉਹ ਰੂਹਾਨੀ ਚਿਹਰਾ ਕਿਹਾ ਜਾ ਸਕਦਾ ਹੈ। ਆਮ ਕਹਾਵਤ ਹੈ, ‘ਹੱਸਦਿਆਂ ਦੇ ਘਰ ਵੱਸਦੇ’ ਜ਼ਿੰਦਗੀ ਨੂੰ ਖ਼ੂਬਸੂਰਤ ਬਣਾਉਣ ਇਸ ਵਿੱਚ ਮੁਸਕਰਾਹਟ, ਕੁਰਬਾਨੀ, ਸਬਰ, ਸੰਤੋਖ ਅਤੇ ਖਿਮਾ ਦੇ ਰੰਗ ਭਰਨੇ ਪੈਂਦੇ ਹਨ। ਮਾੜੇ ਅਤੀਤ ਤੋਂ ਮੂੰਹ ਮੋੜ ਕਿ ਵਰਤਮਾਨ ਦੇ ਰੂਬਰੂ ਹੋ ਕਿ ਮਨ ਨੂੰ ਇਕਾਗਰ ਚਿੱਤ ਕਰੀਏ, ਆਪਣੇ ਪ੍ਰਤੀ ਤੇ ਜੀਵਨ ਦੇ ਮਕਸਦ ਪ੍ਰਤੀ ਸੁਚੇਤ ਹੋਈਏ।

If you think positively sound becomes music Movement becomes dance Smile becomes laughter Mind becomes meditation and life becomes celebrations

ਪੰਜਾਬੀ ਬੋਲੋ
ਪੰਜਾਬੀ ਪੜ੍ਹੋ
ਪੰਜਾਬੀ ਲਿਖੋ

# 5ਵੀਆਂ ਐਨਜ਼ੈਡ ਸਿੱਖ ਗੇਮਜ਼ ਪੂਰੇ ਸ਼ਾਨੋ ਸ਼ੌਕਤ ਨਾਲ ਵਾਰਿਸ ਭਰਾਵਾਂ ਦੇ ਸਭਿਆਚਾਰਕ ਪ੍ਰੋਗਰਾਮ ਨਾਲ ਸਮਾਪਤ

## ਕਬੱਡੀ ਕੱਪ ’ਤੇ ਬੇਅ ਆਫ਼ ਪਲੈਂਟੀ ਦਾ ਕਬਜ਼ਾ, ਤੀਰਥ ਸਿੰਘ ਅਟਵਾਲ ‘ਸਿੱਖ ਕਮਿਊਨਿਟੀ ਹੀਰੋ ਆਫ਼ ਦਾ ਯੀਅਰ’ ਐਵਾਰਡ ਨਾਲ ਸਨਮਾਨਿਤ





















**ਆਕਲੈਂਡ (ਕੂਕ ਪੰਜਾਬੀ ਸਮਾਚਾਰ/ਹਰਜਿੰਦਰ ਸਿੰਘ ਬਸਿਆਲਾ)** – ਇੱਥੇ 25 ਤੇ 26 ਨਵੰਬਰ ਨੂੰ ਹੋਈਆਂ 5ਵੀਆਂ ਐਨਜ਼ੈਡ ਸਿੱਖ ਗੇਮਜ਼ ਦੇ ਦੂਜੇ ਤੇ ਆਖ਼ਰੀ ਦਿਨ ਖੇਡ ਮੈਦਾਨ ’ਚ ਸਾਰਾ ਦਿਨ ਰੌਣਕ ਮੇਲਾ ਲੱਗਿਆ ਰਿਹਾ। ਵੱਖ-ਵੱਖ ਖੇਡਾਂ ਦੇ ਮੁਕਾਬਲੇ ਫਾਈਨਲ ਮੁਕਾਬਲੇ ਹੋਏ ਅਤੇ ਜੇਤੂ ਤੇ ਉਪ ਜੇਤੂ ਟੀਮਾਂ ਨੂੰ ਇਨਾਮ ਵੰਡੇ ਗਏ। ਕਬੱਡੀ ਦੇ ਫਾਈਨਲ ਮੁਕਾਬਲਾ ’ਚ ਬੇਅ ਆਫ਼ ਪਲੈਂਟੀ ਨੇ ਐਸ.ਬੀ.ਐਸ ਕਲੱਬ ਨੂੰ ਹਰਾ ਕੇ ਕੱਪ ’ਤੇ ਕਬਜ਼ਾ ਕੀਤਾ।

ਇਸ ਮੌਕੇ ਤੀਰਥ ਸਿੰਘ ਅਟਵਾਲ ਦਾ ‘ਸਿੱਖ ਕਮਿਊਨਿਟੀ ਹੀਰੋ ਆਫ਼ ਦਾ ਯੀਅਰ’ ਐਵਾਰਡ ਵੀ ਦਿੱਤਾ ਗਿਆ। ਇਸ ਤੋਂ ਇਲਾਵਾ ਮੀਡੀਆ ਸਖਸ਼ੀਅਤ ਸ. ਪਰਮਿੰਦਰ ਸਿੰਘ ਪਾਪਾਟੋਏਟੋਏ ਨੂੰ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ ਗਿਆ। ਇਹ ਸਨਮਾਨ ਉਨ੍ਹਾਂ ਨੂੰ ਅਕਾਲ ਫਾਊਂਡੇਸ਼ਨ ਅਤੇ ਐਸ.ਬੀ.ਐਸ. ਕਲੱਬ ਵੱਲੋਂ ਦਿੱਤਾ ਗਿਆ, ਜਿਸ ਨੂੰ ਸ. ਹਰਜਿੰਦਰ ਸਿੰਘ ਬਸਿਆਲਾ ਨੇ ਸ. ਪਰਮਿੰਦਰ ਸਿੰਘ ਪਾਪਾਟੋਏਟੋਏ ਦੇ ਗਲ ਵਿੱਚ ਪਾਇਆ।

ਸਭਿਆਚਾਰਕ ਸਟੇਜ ਉਤੇ ਜਿੱਥੇ ਸਥਾਨਿਕ ਬੱਚਿਆਂ ਤੇ ਵੱਡਿਆਂ ਨੇ ਕਲਾਕਾਰੀ ਵਿਖਾਈ ਉਥੇ ਵਿਸ਼ੇਸ਼ ਤੌਰ ’ਤੇ ਇਨ੍ਹਾਂ ਖੇਡਾਂ ਲਈ ਪਹੁੰਚੇ ਵਾਰਿਸ ਭਰਾਵਾਂ ਦੀ ਤਿੱਕੜੀ ਨੇ ਖ਼ੂਬ ਰੌਣਕਾਂ ਲਾਈਆਂ ਤੇ ਦਰਸ਼ਕਾਂ ਦਾ ਮਨੋਰੰਜਨ ਕੀਤਾ। ਸੰਗੀਤਕਾਰ ਸੰਗਤਾਰ ਨੇ ਇੱਕ ਗੀਤ ਦੇ ਨਾਲ ਇਸ ਸਭਿਆਚਾਰਕ ਸ਼ਾਮ ਦੀ ਸ਼ੁਰੂਆਤ ਕੀਤੀ। ਗਾਇਕ ਕਮਲ ਹੀਰ ਨੇ ਕਬੱਡੀ ਗੀਤ ਤੋਂ ਬਾਅਦ ਆਪਣੇ ਕਈ ਹਿੱਟ ਗੀਤ ਗਾ ਕੇ ਦਰਸ਼ਕਾਂ ਨੂੰ ਝੂਮਣ ਲਾ ਦਿੱਤਾ। ਇਸ ਤੋਂ ਬਾਅਦ ਗਾਇਕ ਮਨਮੋਹਨ ਵਾਰਿਸ ਨੇ ਕਮਾਲ ਦੀ ਗਾਇਕੀ ਦੀ ਪੇਸ਼ਕਾਰੀ ਕੀਤੀ। ਉਨ੍ਹਾਂ ਨੇ ਸਭਿਆਚਾਰਕ ਗੀਤ, ਲੋਕ ਤੱਥ ਅਤੇ ਸਵ. ਅਮਰ ਸਿੰਘ ਸ਼ੌਕੀ ਹੋਰਾਂ ਦੇ ਲਿਖੇ ਗੀਤ ਗਾਏ।

# ਟੈਨਿਸ: ਨੋਵਾਕ ਜੋਕੋਵਿਚ ਨੇ ਰਿਕਾਰਡ 7ਵੀਂ ਵਾਰ ਏਟੀਪੀ ਫਾਈਨਲਜ਼ ਦਾ ਖ਼ਿਤਾਬ ਜਿੱਤਿਆ




**ਤੂਰਿਨ** – ਨੋਵਾਕ ਜੋਕੋਵਿਚ ਨੇ ਆਪਣਾ ਸ਼ਾਨਦਾਰ ਪ੍ਰਦਰਸ਼ਨ ਜਾਰੀ ਰੱਖਦਿਆਂ ਯਾਨਿਕ ਸਿਨਰ ਨੂੰ ਸਿੱਧੇ ਸੈੱਟਾਂ ਵਿੱਚ ਹਰਾ ਕੇ ਰਿਕਾਰਡ 7ਵੀਂ ਵਾਰ ਏਟੀਪੀ ਫਾਈਨਲਜ਼ ਟੈਨਿਸ ਟੂਰਨਾਮੈਂਟ ਦਾ ਖ਼ਿਤਾਬ ਜਿੱਤਿਆ।

ਵਿਸ਼ਵ ਦੇ ਨੰਬਰ ਇੱਕ ਖਿਡਾਰੀ ਜੋਕੋਵਿਚ ਨੇ 1 ਘੰਟਾ 43 ਮਿੰਟ ਤੱਕ ਚੱਲੇ ਮੈਚ ਵਿੱਚ ਇਟਲੀ ਦੇ ਖਿਡਾਰੀ ਸਿਨਰ ਨੂੰ 6-3, 6-3 ਨਾਲ ਹਰਾ ਕੇ 36 ਸਾਲ ਦੀ ਉਮਰ ਵਿੱਚ ਨਵੀਂ ਉਪਲਬਧੀ ਹਾਸਲ ਕੀਤੀ। ਇਸ ਤਰ੍ਹਾਂ ਸਾਲ ਦੀ ਸ਼ੁਰੂਆਤ ਰਿਕਾਰਡ ਨਾਲ ਕਰਨ ਵਾਲੇ ਜੋਕੋਵਿਚ ਨੇ ਸਾਲ ਦਾ ਅੰਤ ਵੀ ਨਵਾਂ ਰਿਕਾਰਡ ਬਣਾ ਕੇ ਕੀਤਾ।

ਨੋਵਾਕ ਜੋਕੋਵਿਚ ਨੇ 2023 ਦੇ ਸ਼ੁਰੂ ਵਿੱਚ ਆਸਟਰੇਲਿਆਈ ਓਪਨ ਵਿੱਚ ਆਪਣਾ ਰਿਕਾਰਡ 10ਵਾਂ ਖ਼ਿਤਾਬ ਜਿੱਤਿਆ ਸੀ। ਇਸ ਮਗਰੋਂ ਉਸ ਨੇ ਫਰੈਂਚ ਓਪਨ ਵਿੱਚ ਜਿੱਤ ਹਾਸਲ ਕਰਕੇ 23ਵਾਂ ਗਰੈਂਡ ਸਲੈਮ ਖ਼ਿਤਾਬ ਜਿੱਤ ਕੇ ਰਾਫੇਲ ਨਡਾਲ ਦੇ ਰਿਕਾਰਡ ਨੂੰ ਤੋੜਿਆ ਸੀ। ਜੋਕੋਵਿਚ ਨੂੰ ਵਿੰਬਲਡਨ ਦੇ ਫਾਈਨਲ ਵਿੱਚ ਕਾਰਲਸ ਅਲਕਰਾਜ਼ ਤੋਂ ਹਾਰ ਦਾ ਸਾਹਮਣਾ ਕਰਨਾ ਪਿਆ ਸੀ ਪਰ ਇਸ ਮਗਰੋਂ ਉਸ ਨੇ ਅਮਰੀਕੀ ਓਪਨ ਵਿੱਚ ਖ਼ਿਤਾਬ ਜਿੱਤਿਆ। ਏਟੀਪੀ ਫਾਈਨਲਜ਼ ਵਿੱਚ ਇਸ ਤੋਂ ਪਹਿਲਾਂ ਮੁਕਾਮੀ ਖ਼ਿਤਾਬ ਜਿੱਤਣ ਦਾ ਰਿਕਾਰਡ ਸਾਂਝੇ ਤੌਰ ’ਤੇ ਜੋਕੋਵਿਚ ਅਤੇ ਰੋਜ਼ਰ ਫੇਡਰਰ ਦੇ ਨਾਂ ਦਰਜ ਸੀ।



# ਖੇਡ ਖਿਡਾਰੀ



## ਭਾਰਤ ਦੀ ਵੈਸ਼ਾਲੀ ਨੇ ਗਰੈਂਡ ਮਾਸਟਰ ਖ਼ਿਤਾਬ ਹਾਸਲ ਕੀਤਾ






**ਚੇਨੱਈ** – ਭਾਰਤੀ ਸ਼ਤਰੰਜ ਖਿਡਾਰੀ ਅਤੇ ਵੈਸ਼ਾਲੀ ਸਪੇਨ ਦੇ ਐਲ ਲੋਬਰੇਗਾਟ ਓਪਨ ਵਿੱਚ ਉਸ ਨੇ ਦੂਜੇ ਰਾਊਂਡ ਵਿੱਚ ਤੁਰਕੀ ਦੀ ਤੈਮਰ ਤਾਰਿਕ ਸੇਲਬੇਸ ਨੂੰ ਹਰਾਇਆ। ਵੈਸ਼ਾਲੀ ਨੇ ਅਕਤੂਬਰ ਵਿੱਚ ਕਤਰ ਮਾਸਟਰਜ਼ ਟੂਰਨਾਮੈਂਟ ਵਿੱਚ ਤੀਜੀ ਜੀਐੱਮ ਨੋਰਮ ਹਾਸਲ ਕੀਤੀ ਸੀ ਅਤੇ ਉਸ ਨੂੰ ਆਪਣੀ ਈਐੱਲਓ ਰੇਟਿੰਗ ਵਧਾਉਣ ਦੀ ਲੋੜ ਸੀ।

ਇਸ ਤਰ੍ਹਾਂ ਪ੍ਰਗਨਾਨੰਦਾ ਅਤੇ ਵੈਸ਼ਾਲੀ ਵਿਸ਼ਵ ਚੈਂਪੀਅਨਸ਼ਿਪ ਮੈਚ ਲਈ ਕੁਆਲੀਫਾਇੰਗ ਟੂਰਨਾਮੈਂਟ ਕੈਂਡੀਡੇਟਸ ਵਿੱਚ ਜਗ੍ਹਾ ਬਣਾਉਣ ਵਾਲੀ ਪਹਿਲੀ ਭੈਣ–ਭਰਾ ਦੀ ਜੋੜੀ ਵੀ ਬਣ ਗਈ। ਕੈਂਡੀਡੇਟਸ ਟੂਰਨਾਮੈਂਟ ਅਪ੍ਰੈਲ ਮਹੀਨੇ ਟੋਰਾਂਟੋ ’ਚ ਖੇਡਿਆ ਜਾਵੇਗਾ। ਵੈਸ਼ਾਲੀ ਦੇ ਛੋਟੇ ਭਰਾ ਪ੍ਰਗਨਾਨੰਦਾ ਨੇ 2018 ਵਿੱਚ ਜੀਐੱਮ ਖ਼ਿਤਾਬ ਜਿੱਤਿਆ ਸੀ, ਜਦੋਂ ਉਹ ਸਿਰਫ਼ 12 ਸਾਲ ਦਾ ਸੀ। ਹੰਪੀ ਜੀਐੱਮ ਖ਼ਿਤਾਬ ਜਿੱਤਣ ਵਾਲੀ ਦੁਨੀਆ ਦੀ ਸਭ ਤੋਂ ਛੋਟੀ ਮਹਿਲਾ ਖਿਡਾਰਨ ਹੈ।

ਉਹ 15 ਸਾਲ ਦੀ ਉਮਰ ਵਿੱਚ 2002 ’ਚ ਜੀਐੱਮ ਬਣੀ ਸੀ। ਸ਼ਤਰੰਜ ਦੇ ਮਹਾਨ ਖਿਡਾਰੀ ਵਿਸ਼ਵਨਾਥਨ ਆਨੰਦ ਨੇ ਐਕਸ ’ਤੇ ਵੈਸ਼ਾਲੀ ਨੂੰ ਵਧਾਈ ਦਿੱਤੀ।

ਵੈਸ਼ਾਲੀ ਦੇ ਪਿਤਾ ਰਮੇਸ਼ਬਾਬੂ ਖ਼ੁਦ ਇੱਕ ਸ਼ਤਰੰਜ ਖਿਡਾਰੀ ਹਨ, ਜਿਨ੍ਹਾਂ ਆਪਣੇ ਬੱਚਿਆਂ ਨੂੰ ਇਸ ਖੇਡ ਵਿੱਚ ਆਉਣ ਲਈ ਉਤਸ਼ਾਹਿਤ ਕੀਤਾ।

ਚੇਨੱਈ ਦੀ 23 ਸਾਲ ਦੀ ਵੈਸ਼ਾਲੀ ਨੇ ਸਪੇਨ ਵਿੱਚ 2500 ਈਪੀਓ ਰੇਟਿੰਗ ਅੰਕ ਦਾ ਅੰਕੜਾ ਪਾਰ ਕੀਤਾ, ਜਿਸ ਵਿੱਚ ਗਰੈਂਡ ਮਾਸਟਰ ਖ਼ਿਤਾਬ ਹਾਸਲ ਕਰਨ ਵਾਲੀ ਦੇਸ਼ ਦੀ ਤੀਜੀ ਮਹਿਲਾ ਖਿਡਾਰੀ ਬਣੀ। ਇਸ ਨਾਲ ਉਹ ਆਪਣੇ ਭਰਾ ਆਰ ਪ੍ਰਗਨਾਨੰਦਾ ਨਾਲ ਮਿਲ ਕੇ ਦੁਨੀਆ ਦੀ ਪਹਿਲੀ ਭਰਾ–ਭੈਣ ਗਰੈਂਡ ਮਾਸਟਰ ਜੋੜੀ ਬਣ ਗਏ। ਵੈਸ਼ਾਲੀ ਨੇ ਇਹ ਪ੍ਰਾਪਤੀ 1 ਦਸੰਬਰ ਦਿਨ ਸ਼ੁੱਕਰਵਾਰ ਨੂੰ 2500 ਈਐੱਲਓ ਰੇਟਿੰਗ ਅੰਕ ਪਾਰ ਕਰਨ ਮਗਰੋਂ ਹਾਸਲ ਕੀਤੀ। ਉਹ ਦੇਸ਼ ਦੀ 84ਵੀਂ ਗਰੈਂਡ ਮਾਸਟਰ ਹੈ। ਵੈਸ਼ਾਲੀ ਤੋਂ ਪਹਿਲਾਂ ਕੋਨੇਰੂ ਹੰਪੀ ਅਤੇ ਡੀ ਹਰਿਕਾ ਭਾਰਤ ਦੀਆਂ ਦੋ ਹੋਰ ਮਹਿਲਾ ਗਰੈਂਡ ਮਾਸਟਰ ਖਿਡਾਰਨਾਂ ਹਨ।

## ਜੂਨੀਅਰ ਹਾਕੀ ਵਰਲਡ ਕੱਪ: ਸਪੇਨ ਨੇ ਭਾਰਤ ਨੂੰ 3-1 ਨਾਲ ਹਰਾ ਕਿ ਕਾਂਸੇ ਦਾ ਤਗਮਾ ਜਿੱਤਿਆ



**ਕੁਆਲਾਲੰਪੁਰ** – ਇੱਥੇ 16 ਦਸੰਬਰ ਨੂੰ ਜੂਨੀਅਰ ਪੁਰਸ਼ ਹਾਕੀ ਵਰਲਡ ਕੱਪ ਦੇ ਕਾਂਸੇ ਦੇ ਤਗਮੇ ਦੇ ਮੈਚ ਵਿੱਚ ਭਾਰਤ ਨੂੰ ਸਪੇਨ ਹੱਥੋਂ 1-3 ਨਾਲ ਹਾਰ ਦਾ ਸਾਹਮਣਾ ਕਰਨਾ ਪਿਆ। ਸਪੇਨ ਲਈ ਨਿਕੋਲਸ ਅਲਵਾਰੇਜ਼ ਨੇ 25ਵੇਂ ਤੇ 51ਵੇਂ ਮਿੰਟ ’ਚ ਅਤੇ ਪੈਚਾਮੇ ਪੀ. ਨੇ 40ਵੇਂ ਮਿੰਟ ’ਚ ਗੋਲ ਕੀਤੇ, ਜਦੋਂ ਕਿ ਭਾਰਤ ਲਈ ਇਕਲੌਤਾ ਗੋਲ ਸੁਨੀਲ ਜੋਜੋ ਨੇ 28ਵੇਂ ਮਿੰਟ ’ਚ ਕਰਕੇ ਸਕੋਰ 1-1 ਨਾਲ ਬਰਾਬਰ ਕੀਤਾ ਪਰ ਇਹ ਗੋਲ ਕੰਮ ਨਾ ਆਇਆ।

ਦੋ ਵਾਰ ਦੇ ਜੂਨੀਅਰ ਵਰਲਡ ਚੈਂਪੀਅਨ ਦੀ ਪੈਨਲਟੀ ਕਾਰਨਰ ਨੂੰ ਗੋਲ ’ਚ ਨਾ ਬਦਲਣ ਦੀ ਕਮਜ਼ੋਰੀ ਮੁੜ ਸਾਹਮਣੇ ਆਈ। ਭਾਰਤ ਨੂੰ ਟੂਰਨਾਮੈਂਟ ’ਚ ਦੂਜੀ ਵਾਰ ਸਪੇਨ ਤੋਂ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਮੈਚ ’ਚ ਸਪੇਨ ਨੇ ਭਾਰਤ ’ਤੇ ਪੂਰੀ ਤਰ੍ਹਾਂ ਦਬਾਅ ਬਣਾਈ ਰੱਖਿਆ। ਜੇ ਭਾਰਤੀ ਗੋਲਕੀਪਰ ਮੋਹਿਤ ਸ਼ਸ਼ੀਕੁਮਾਰ ਪਹਿਲੇ ਅੱਧ ਤੋਂ ਬਾਅਦ ਕੁੱਝ ਸ਼ਾਨਦਾਰ ਬਚਾਅ ਨਾ ਕਰਦਾ ਤਾਂ ਹਾਰ ਦਾ ਫ਼ਰਕ ਵੱਡਾ ਹੋ ਸਕਦਾ ਸੀ। ਮੋਹਿਤ ਨੇ 33ਵੇਂ ਮਿੰਟ ’ਚ ਬਹੁਤ ਸ਼ਾਨਦਾਰ ਢੰਗ ਨਾਲ ਦੋ ਗੋਲ ਬਚਾਏ। ਸਪੇਨ ਲਈ ਅਲਵਾਰੇਜ਼ ਨੇ ਗੋਲ ਦੀ ਸ਼ੁਰੂਆਤ ਕੀਤੀ ਅਤੇ ਤਿੰਨ ਮਿੰਟ ਬਾਅਦ ਭਾਰਤ ਨੇ ਸੁਨੀਲ ਜੋਜੋ ਦੇ ਪੈਨਲਟੀ ਕਾਰਨਰ ਦੇ ਗੋਲ ਰਾਹੀਂ ਬਰਾਬਰੀ ਕਰ ਲਈ। ਫਿਰ ਭਾਰਤ ਪੈਨਲਟੀ ਕਾਰਨਰ ਨੂੰ ਗੋਲ ’ਚ ਬਦਲਣ ’ਚ ਬੁਰੀ ਤਰ੍ਹਾਂ ਅਸਫਲ ਰਿਹਾ। 28ਵੇਂ ਮਿੰਟ ਵਿੱਚ ਜੋਜੋ ਦੀ ਕੋਸ਼ਿਸ਼ ਨੂੰ ਛੱਡ ਕੇ ਭਾਰਤ ਲਈ ਪੈਨਲਟੀ ਕਾਰਨਰ ਦੀਆਂ ਅੱਠ ਕੋਸ਼ਿਸ਼ਾਂ ਅਸਫਲ ਰਹੀਆਂ। ਸਪੇਨ ਨੇ 40ਵੇਂ ਮਿੰਟ ’ਚ ਪੈਚਾਮੇ ਦੇ ਗੋਲ ਦੀ ਮਦਦ ਨਾਲ ਲੀਡ ਲੈ ਲਈ। 51ਵੇਂ ਮਿੰਟ ’ਚ ਅਲਵਾਰੇਜ਼ ਨੇ ਭਾਰਤ ਦੇ ਖਿੱਲਰੇ ਡਿਫੈਂਸ ਖ਼ਿਲਾਫ਼ ਗੋਲ ਕਰ ਕੇ ਲੀਡ 3-1 ਕਰ ਲਈ। ਬਾਅਦ ’ਚ ਭਾਰਤ ਨੇ ਗੋਲ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਪਰ ਸਭ ਨਾਕਾਮ ਰਹੀਆਂ।

## ਸੁਰੀਮ ਸਿੱਖ ਸੋਸਾਇਟੀ ਵੱਲੋਂ ਕਰਵਾਇਆ ਪਹਿਲਾ ‘ਕਬੱਡੀ ਵਰਲਡ ਕੱਪ’ ਆਸਟਰੇਲੀਆ ਨੇ ਅਮਰੀਕਾ ਨੂੰ ਹਰਾ ਕੇ ਜਿੱਤਿਆ



**ਆਕਲੈਂਡ** – ਸੁਪਰੀਮ ਸਿੱਖ ਸੋਸਾਇਟੀ ਵੱਲੋਂ ਗੁਰਦੁਆਰਾ ਕਲਗੀਧਰ ਸਾਹਿਬ ਟਾਕਾਨੀਨੀ ਵਿਖੇ ਬਣੇ ਐਨਜ਼ੈਡ ਸਿੱਖ ਸਟੇਡੀਅਮ ’ਚ 26 ਨਵੰਬਰ ਨੂੰ ਕਰਵਾਏ ਗਏ ਪਹਿਲੇ ‘ਕਬੱਡੀ ਵਰਲਡ ਕੱਪ’ ਦੇ ਫਾਈਨਲ ਮੁਕਾਬਲੇ ’ਚ ਆਸਟਰੇਲੀਆ ਨੇ ਅਮਰੀਕਾ ਨੂੰ ਹਰਾ ਕੇ ਖ਼ਿਤਾਬੀ ਜਿੱਤ ਦਰਜ਼ ਕੀਤੀ ਅਤੇ ਕਬੱਡੀ ਵਰਲਡ ਕੱਪ ’ਤੇ ਕਬਜ਼ਾ ਕੀਤਾ।

ਪਹਿਲੀ ਵਾਰ ਕਰਵਾਏ ਗਏ ਕਬੱਡੀ ਵਰਲਡ ਕੱਪ ’ਚ ਨਿਊਜ਼ੀਲੈਂਡ, ਆਸਟਰੇਲੀਆ, ਅਮਰੀਕਾ, ਕੈਨੇਡਾ, ਭਾਰਤ ਅਤੇ ਪਾਕਿਸਤਾਨ ਦੀਆਂ ਟੀਮਾਂ ਨੇ ਭਾਗ ਲਿਆ। ਇਸ ਤੋਂ ਪਹਿਲਾਂ ਹੋਏ ਤੀਜੇ ਸਥਾਨ ਦੇ ਮੈਚ ’ਚ ਪਾਕਿਸਤਾਨ ਦੀ ਟੀਮ ਨੇ ਨਿਊਜ਼ੀਲੈਂਡ ਦੀ ਟੀਮ ਨੂੰ ਹਰਾਇਆ ਅਤੇ ਤੀਜਾ ਸਥਾਨ ਪ੍ਰਾਪਤ ਕੀਤਾ।

## ਆਈਸੀਸੀ ਕ੍ਰਿਕਟ ਵਰਲਡ ਕੱਪ 2023: ਆਸਟਰੇਲੀਆ ਨੇ ਮੇਜ਼ਬਾਨ ਭਾਰਤ ਨੂੰ 6 ਵਿਕਟਾਂ ਨਾਲ ਹਰਾ ਕੇ 6ਵੀਂ ਵਾਰ ਵਰਲਡ ਕੱਪ ਆਪਣੇ ਨਾਂਅ ਕੀਤਾ

### ਫਾਈਨਲ ’ਚ ਸੈਂਕੜਾ ਜੜਨ ਵਾਲੇ ਟਰੈਵਿਸ ਹੈਡ ਨੂੰ ‘ਪਲੇਅਰ ਆਫ਼ ਦਿ ਮੈਚ’ ਅਤੇ ਵਿਰਾਟ ਕੋਹਲੀ ‘ਪਲੇਅਰ ਆਫ਼ ਦਿ ਸੀਰੀਜ਼’ ਚੁਣਿਆ ਗਿਆ



**ਅਹਿਮਦਾਬਾਦ** – 19 ਦਸੰਬਰ ਨੂੰ ਇੱਥੇ ਨਰਿੰਦਰ ਮੋਦੀ ਸਟੇਡੀਅਮ ਵਿੱਚ ਆਸਟਰੇਲੀਆ ਨੇ ਮਿਸ਼ੇਲ ਸਟਾਰਕ ਦੀ ਅਗਵਾਈ ਵਿੱਚ ਗੇਂਦਬਾਜ਼ਾਂ ਦੇ ਸ਼ਾਨਦਾਰ ਪ੍ਰਦਰਸ਼ਨ ਤੋਂ ਬਾਅਦ ਟਰੈਵਿਸ ਹੈਡ ਦੇ ਸੈਂਕੜੇ ਸਦਕਾ ਮੇਜ਼ਬਾਨ ਭਾਰਤ ਨੂੰ 6 ਵਿਕਟਾਂ ਨਾਲ ਹਰਾ ਕੇ 6ਵੀਂ ਵਾਰ ਕ੍ਰਿਕਟ ਵਰਲਡ ਕੱਪ ’ਤੇ ਆਪਣਾ ਕਬਜ਼ਾ ਕੀਤਾ ਅਤੇ ਮੇਜ਼ਬਾਨ ਭਾਰਤ ਦਾ ਵਰਲਡ ਕੱਪ ਜਿੱਤਣ ਦਾ ਸੁਫ਼ਨਾ ਤੋੜ ਦਿੱਤਾ। ਫਾਈਨਲ ’ਚ ਪਹੁੰਚੀ ਭਾਰਤੀ ਟੀਮ ਨੂੰ ਨਰਿੰਦਰ ਮੋਦੀ ਸਟੇਡੀਅਮ ’ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਮੌਜੂਦਗੀ ’ਚ ਤੀਜਾ ਵਰਲਡ ਕੱਪ ਜਿੱਤਣ ਦੀ ਉਮੀਦ ਸੀ, ਪਰ ਫਾਈਨਲ ’ਚ ਮਿਲੀ ਇਸ ਹਾਰ ਨਾਲ ਵਰਲਡ ਕੱਪ ਲਈ ਭਾਰਤ ਦਾ 12 ਸਾਲਾਂ ਦਾ ਲੰਬਾ ਇੰਤਜ਼ਾਰ ਜਾਰੀ ਹੈ।

ਆਸਟਰੇਲੀਆ ਟੀਮ ਨੇ ਦਿਖਾਇਆ ਕਿ ਉਹ ਵਰਲਡ ਕ੍ਰਿਕਟ ’ਚ ਚੋਟੀ ਦੀ ਟੀਮ ਕਿਉਂ ਹੈ। ਆਸਟਰੇਲੀਆ ਟੀਮ ਨੇ ਆਪਣੀ ਮੁਹਿੰਮ ਦੀ ਸ਼ੁਰੂਆਤ ਭਾਰਤ ਖ਼ਿਲਾਫ਼ ਪਹਿਲਾ ਮੈਚ ਸਮੇਤ ਲਗਾਤਾਰ ਦੋ ਹਾਰਾਂ ਨਾਲ ਕੀਤੀ ਪਰ ਫਿਰ ਲਗਾਤਾਰ 9 ਮੈਚ ਜਿੱਤ ਕੇ ਖ਼ਿਤਾਬ ਜਿੱਤ ਲਿਆ। ਭਾਰਤ ਦੇ 241 ਦੌੜਾਂ ਦੇ ਟੀਚੇ ਦਾ ਪਿੱਛਾ ਕਰਦੇ ਹੋਏ ਆਸਟਰੇਲੀਆ ਨੇ ਸਲਾਮੀ ਬੱਲੇਬਾਜ਼ ਟਰੈਵਿਸ ਹੈਡ ਦੀਆਂ 120 ਗੇਂਦਾਂ ’ਤੇ 4 ਛਿੱਕਿਆਂ ਅਤੇ 15 ਚੌਕਿਆਂ ਦੀ ਮਦਦ ਨਾਲ 137 ਦੌੜਾਂ ਬਣਾਈਆਂ, ਇਸ ਦੇ ਨਾਲ ਹੀ ਮਾਰਨਸ ਲਾਬੂਸ਼ੇਨ ਨੇ110 ਗੇਂਦਾਂ ’ਤੇ 4 ਚੌਕਿਆਂ ਦੀ ਮਦਦ ਨਾਲ ਅਜੇਤੂ 58 ਦੌੜਾਂ ਬਣਾਈਆਂ ਅਤੇ ਚੌਥੀ ਵਿਕਟ ਲਈ 192 ਦੌੜਾਂ ਦੀ ਸਾਂਝੇਦਾਰੀ ਦੇ ਨਾਲ, ਭਾਰਤ ’ਤੇ 43 ਓਵਰਾਂ ’ਚ 4 ਵਿਕਟਾਂ ’ਤੇ 241 ਦੌੜਾਂ ਬਣਾ ਕੇ ਖ਼ਿਤਾਬੀ ਜਿੱਤ ਦਰਜ ਕੀਤੀ।

ਆਈਸੀਸੀ ਕ੍ਰਿਕਟ ਵਰਲਡ ਕੱਪ 2023 ਦੇ ਫਾਈਨਲ ਮੁਕਾਬਲੇ ’ਚ ਆਸਟਰੇਲਿਆਈ ਟੀਮ ਦੇ ਕਪਤਾਨ ਪੈਟ ਕਮਿੰਸ ਨੇ ਟਾਸ ਜਿੱਤ ਕੇ ਪਹਿਲਾਂ ਫੀਲਡਿੰਗ ਕਰਨ ਦਾ ਫ਼ੈਸਲਾ ਕੀਤਾ। ਮੇਜ਼ਬਾਨ ਭਾਰਤੀ ਟੀਮ ਨੇ ਪਹਿਲਾਂ ਬੱਲੇਬਾਜ਼ੀ ਕਰਦਿਆਂ 50 ਓਵਰਾਂ ਵਿੱਚ ਸਾਰੀਆਂ ਵਿਕਟਾਂ ਗੁਆ ਕੇ 240 ਦੌੜਾਂ ਬਣਾਈਆਂ। ਭਾਰਤ ਵੱਲੋਂ ਕੇ.ਐੱਲ. ਰਾਹੁਲ ਨੇ ਸਭ ਤੋਂ ਵੱਧ 66 ਦੌੜਾਂ ਬਣਾਈਆਂ ਜਦੋਂ ਕਿ ਵਿਰਾਟ ਕੋਹਲੀ ਨੇ 54 ਦੌੜਾਂ ਅਤੇ ਕਪਤਾਨ ਰੋਹਿਤ ਸ਼ਰਮਾ 47 ਦੌੜਾਂ ਬਣਾ ਕੇ ਪਵੇਲੀਅਨ ਪਰਤਿਆ। ਸੂਰਿਆਕੁਮਾਰ ਯਾਦਵ ਨੇ 18 ਅਤੇ ਕੁਲਦੀਪ ਯਾਦਵ ਨੇ 10 ਦੌੜਾਂ ਦੀ ਪਾਰੀ ਖੇਡੀ। ਆਸਟਰੇਲੀਆ ਵੱਲੋਂ ਗੇਂਦਬਾਜ਼ ਮਿਸ਼ੇਲ ਸਟਾਰਕ ਨੇ 4 ਜਦੋਂ ਕਿ ਐਡਮ ਜ਼ੰਪਾ ਅਤੇ ਪੈਟ ਕਮਿੰਸ ਨੇ 2–2 ਵਿਕਟਾਂ ਲਈਆਂ।

ਆਈਸੀਸੀ ਕ੍ਰਿਕਟ ਵਰਲਡ ਕੱਪ 2023 ਦੇ ਫਾਈਨਲ ਮੁਕਾਬਲੇ ’ਚ ਆਸਟਰੇਲੀਆ ਦੇ ਖਿਡਾਰੀ ਟਰੈਵਿਸ ਹੈਡ ਵੱਲੋਂ ਸੈਂਕੜਾ ਜੜਨ ਕਰਕੇ ਉਸ ਨੂੰ ‘ਪਲੇਅਰ ਆਫ਼ ਦਿ ਮੈਚ’ ਜਦੋਂ ਕਿ ਭਾਰਤ ਦੇ ਖਿਡਾਰੀ ਵਿਰਾਟ ਕੋਹਲੀ ਨੂੰ ‘ਪਲੇਅਰ ਆਫ਼ ਦਿ ਸੀਰੀਜ਼’ ਚੁਣਿਆ ਗਿਆ।

ਫਾਈਨਲ ’ਚ ਮਿਲੀ ਇਸ ਹਾਰ ਨਾਲ ਭਾਰਤ ਦਾ ਆਈਸੀਸੀ ਟਰਾਫ਼ੀ ਜਿੱਤਣ ਦਾ ਸੁਪਨਾ ਫਿਰ ਟੁੱਟ ਗਿਆ, ਭਾਰਤੀ ਟੀਮ ਪਿਛਲੇ 10 ਸਾਲਾਂ ਵਿੱਚ ਇੱਕ ਵੀ ਆਈਸੀਸੀ ਟਰਾਫ਼ੀ ਨਹੀਂ ਜਿੱਤ ਸਕੀ ਹੈ। ਭਾਰਤ ਲਗਾਤਾਰ ਕਦੇ ਫਾਈਨਲ ਅਤੇ ਕਦੇ ਸੈਮੀਫਾਈਨਲ ਵਿੱਚ ਹਾਰ ਦਾ ਰਿਹਾ ਹੈ। ਰੋਹਿਤ ਸ਼ਰਮਾ ਦੀ ਟੀਮ ਕੋਲ ਆਪਣੇ ਘਰ ’ਚ ਆਈਸੀਸੀ ਟਰਾਫ਼ੀ ਦੇ ਸੋਕੇ ਨੂੰ ਖ਼ਤਮ ਕਰਨ ਦਾ ਚੰਗਾ ਮੌਕਾ ਸੀ। ਇੰਨਾ ਹੀ ਨਹੀਂ ਟੀਮ ਇੰਡੀਆ ਪੂਰੇ ਟੂਰਨਾਮੈਂਟ ’ਚ ਅਜੇਤੂ ਰਹੀ, ਉਸ ਨੇ ਲੀਗ ’ਚ ਆਪਣੇ ਸਾਰੇ 10 ਮੈਚ ਜਿੱਤੇ ਅਤੇ ਸੈਮੀਫਾਈਨਲ ਮੁਕਾਬਲੇ ’ਚ ਨਿਊਜ਼ੀਲੈਂਡ ਦੀ ਬਲੈਕ ਕੈਪ ਟੀਮ ਨੂੰ ਹਰਾ ਕੇ ਫਾਈਨਲ ’ਚ ਥਾਂ ਬਣਾਈ ਸੀ, ਪਰ ਫਾਈਨਲ ’ਚ ਯੈਲੋ ਮੌਨਸਟਰ ਦੇ ਨਾਂ ਨਾਲ ਜਾਣੇ ਜਾਂਦੇ ਆਸਟਰੇਲੀਆ ਨੇ ਮੇਜ਼ਬਾਨ ਭਾਰਤ ਨੂੰ ਹਰ ਭਾਰਤੀ ਦਾ ਸੁਪਨਾ ਤੋੜ ਦਿੱਤਾ ਅਤੇ ਇਸ ਹਾਰ ਨਾਲ ਵਰਲਡ ਕੱਪ ਲਈ ਭਾਰਤ ਦਾ 12 ਸਾਲਾਂ ਦਾ ਲੰਬਾ ਇੰਤਜ਼ਾਰ ਜਾਰੀ ਹੈ।

ਭਾਰਤ ਇਸ ਤਰ੍ਹਾਂ ਜੋਹਾਨਸਬਰਗ ਵਿੱਚ 2003 ਦੇ ਵਰਲਡ ਕੱਪ ਫਾਈਨਲ ’ਚ ਆਸਟਰੇਲੀਆ ਤੋਂ ਮਿਲੀ ਹਾਰ ਦਾ ਬਦਲਾ ਲੈਣ ਵਿੱਚ ਅਸਫਲ ਰਿਹਾ। ਭਾਰਤੀ ਟੀਮ ਇਸ ਸਾਲ ਵਰਲਡ ਟੈਸਟ ਚੈਂਪੀਅਨਸ਼ਿਪ ਦੇ ਫਾਈਨਲ ’ਚ ਵੀ ਆਸਟਰੇਲੀਆ ਹੱਥੋਂ ਹਾਰ ਗਈ ਸੀ, ਜਦੋਂ ਕਿ ਆਸਟਰੇਲੀਆ ਟੀਮ ਨੇ 2015 ਵਰਲਡ ਕੱਪ ਦੇ ਸੈਮੀਫਾਈਨਲ ’ਚ ਵੀ ਭਾਰਤ ਨੂੰ ਹਰਾਇਆ ਸੀ। ਇਸ ਸਾਲ ਜੂਨ ’ਚ ਖੇਡੀ ਗਈ ਵਰਲਡ ਟੈਸਟ ਚੈਂਪੀਅਨਸ਼ਿਪ ਦੇ ਫਾਈਨਲ ’ਚ ਟਰੈਵਿਸ ਹੈਡ ਨੇ 163 ਦੌੜਾਂ ਬਣਾ ਕੇ ਭਾਰਤ ਤੋਂ ਟਰਾਫ਼ੀ ਖੋਹ ਲਈ ਸੀ। ਹੁਣ ਉਸ ਨੇ ਵਨਡੇ ਵਰਲਡ ਕੱਪ ਫਾਈਨਲ ’ਚ 137 ਦੌੜਾਂ ਬਣਾ ਕੇ ਭਾਰਤ ਨੂੰ ਖ਼ਿਤਾਬ ਜਿੱਤਣ ਤੋਂ ਵਾਂਝੇ ਰੱਖਿਆ।

## ਆਈਸੀਸੀ ਚੈਂਪੀਅਨਜ਼ ਟਰਾਫ਼ੀ 2025 ਲਈ 8 ਟੀਮਾਂ ਨੇ ਕੁਆਲੀਫ਼ਾਈ ਕੀਤਾ




**ਆਕਲੈਂਡ** – ਭਾਰਤ ’ਚ ਹੋਏ ਆਈਸੀਸੀ ਕ੍ਰਿਕਟ ਵਰਲਡ ਕੱਪ 2023 ’ਚ ਰਹੀਆਂ ਪਹਿਲੀਆਂ 8 ਟੀਮਾਂ ਚੈਂਪੀਅਨਜ਼ ਟਰਾਫ਼ੀ 2025 ਲਈ ਕੁਆਲੀਫ਼ਾਈ ਕਰ ਚੁੱਕੀਆਂ ਹਨ। ਵਰਲਡ ਕੱਪ ’ਚ ਚੋਟੀ ਦੀਆਂ 8 ਟੀਮਾਂ ਵਿੱਚ ਰਹਿਣ ਵਾਲੀਆਂ ਟੀਮਾਂ ਆਪਣੇ ਆਪ ਹੀ ਚੈਂਪੀਅਨਜ਼ ਟਰਾਫ਼ੀ ਲਈ ਕੁਆਲੀਫ਼ਾਈ ਕਰ ਚੁੱਕੀਆਂ ਹਨ। ਆਈਸੀਸੀ ਚੈਂਪੀਅਨਜ਼ ਟਰਾਫ਼ੀ 2025 ਲਈ ਕੁਆਲੀਫ਼ਾਈ ਕੀਤੀਆਂ ਟੀਮਾਂ ’ਚ ਭਾਰਤ, ਦੱਖਣੀ ਅਫ਼ਰੀਕਾ, ਆਸਟਰੇਲੀਆ, ਨਿਊਜ਼ੀਲੈਂਡ, ਪਾਕਿਸਤਾਨ, ਅਫ਼ਗਾਨਿਸਤਾਨ, ਇੰਗਲੈਂਡ ਅਤੇ ਬੰਗਲਾਦੇਸ਼

## ਆਈਪੀਐੱਲ ਨਿਲਾਮੀ: ਮਿਸ਼ੇਲ ਸਟਾਰਕ ਸਭ ਤੋਂ ਮਹਿੰਗਾ ਖਿਡਾਰੀ ਬਣਿਆ

**ਦੁਬਈ, 19 ਦਸੰਬਰ** – ਆਸਟਰੇਲੀਆ ਦੇ ਤੇਜ਼ ਗੇਂਦਬਾਜ਼ ਮਿਸ਼ੇਲ ਸਟਾਰਕ ਇੰਡੀਅਨ ਪ੍ਰੀਮੀਅਰ ਲੀਗ (ਆਈਪੀਐੱਲ) ਲਈ ਖਿਡਾਰੀਆਂ ਦੀ ਹੋਈ ਨਿਲਾਮੀ ’ਚ ਆਸਟਰੇਲਿਆਈ ਟੀਮ ਦੇ ਆਪਣੇ ਗੇਂਦਬਾਜ਼ੀ ਜੋੜੀਦਾਰ ਅਤੇ ਕਪਤਾਨ ਪੈਟ ਕਮਿਨਸ ਨੂੰ ਪਛਾੜ ਕੇ ਲੀਗ ਦੇ ਇਤਿਹਾਸ ਦਾ ਸਭ ਤੋਂ ਮਹਿੰਗਾ ਖਿਡਾਰੀ ਬਣ ਗਿਆ ਹੈ। ਇੱਥੇ 19 ਦਸੰਬਰ ਨੂੰ ਸਟਾਰਕ ’ਤੇ 24.75 ਕਰੋੜ ਰੁਪਏ ਦੀ ਬੋਲੀ ਲੱਗੀ। ਇਹ ਪਹਿਲੀ ਵਾਰ ਹੈ ਜਦੋਂ ਨਿਲਾਮੀ ਭਾਰਤ ਤੋਂ ਬਾਹਰ ਹੋ ਰਹੀ ਹੈ।

ਨਿਲਾਮੀ ਦੌਰਾਨ ਸਨਰਾਈਜਰਸ ਹੈਦਰਾਬਾਦ ਵੱਲੋਂ ਪੈਟ ਕਮਿਨਸ ਨੂੰ ਰਿਕਾਰਡ 20.50 ਕਰੋੜ ਰੁਪਏ ਦੀ ਬੋਲੀ ਨਾਲ ਆਪਣੀ ਟੀਮ ’ਚ ਸ਼ਾਮਲ ਕਰਨ ਦੇ ਕੁਝ ਘੰਟਿਆਂ ਬਾਅਦ ਹੀ ਕੋਲਕਾਤਾ ਨਾਈਟਰਾਈਡਰਸ ਨੇ ਖੱਬੇ ਹੱਥੇ ਤੇਜ਼ ਗੇਂਦਬਾਜ਼ ਸਟਾਰਕ ’ਤੇ 24 ਕਰੋੜ 75 ਲੱਖ ਰੁਪਏ ਦੀ ਬੋਲੀ ਲਾ ਦਿੱਤੀ।

ਬੱਲੇਬਾਜ਼ਾਂ ਵਿੱਚੋਂ ਨਿਊਜ਼ੀਲੈਂਡ ਦੇ ਡੈਰਿਲ ਮਿਸ਼ੇਲ ’ਤੇ ਚੇਨੱਈ ਸੁਪਰਕਿੰਗਜ਼ ਨੇ 14 ਕਰੋੜ ਰੁਪਏ ਦੀ ਬੋਲੀ ਲਾਈ ਜਦੋਂ ਕਿ ਨਿਊਜ਼ੀਲੈਂਡ ਦੇ ਰਚਿਨ ਰਵਿੰਦਰਾ ਨੂੰ 1.80 ਕਰੋੜ ਰੁਪਏ ਖ਼ਰਚ ਕੇ ਟੀਮ ’ਚ ਸ਼ਾਮਲ ਕੀਤਾ। ਬੱਲੇਬਾਜ਼ਾਂ ਵਿੱਚੋਂ ਵੈਸਟ ਇੰਡੀਜ਼ ਦੀ ਟੀ–20 ਟੀਮ ਦਾ ਕਪਤਾਨ ਰੋਵਮੈਨ ਪਾਵੈੱਲ ਸਭ ਤੋਂ ਮਹਿੰਗਾ ਖਿਡਾਰੀ ਰਿਹਾ, ਜਿਸ ’ਤੇ ਰਾਜਸਥਾਨ ਰੌਇਲਜ਼ ਨੇ 7.40 ਕਰੋੜ ਰੁਪਏ ਦੀ ਬੋਲੀ ਲਾਈ।




We Import Best Quality Tiles - Many More Designs Available in Store



Merry Christmas

And

Happy New Year








Importer & Supplier Of Quality Manufactured Building Products For Domestic & Commercial Applications For Architect, Builders, Electricians, Plumbers & Owners

DBS

TILES AND BATHROOM SUPERSTORE Phone: 09 261 2616

40F Cavendish Drive, Manukau | Email: discountbs@gmail.com

Website: www.dbsonline.nz


Looking for a home loan or business loan?
TALK TO US
LOANS
Want to protect your loved ones financially?
TALK TO US
INSURANCE
Looking to protect your assets and cash flows?
TALK TO US
BUSINESS INSURANCE
Get a loan
Looking for a Business Loan or Working Capital Finance?
TALK TO US
ASSET FINANCE
PROFESSIONAL FINANCIAL SOLUTIONS GROUP
JUST ONE PLACE FOR ALL FINANCIAL SERVICES YOU NEED
SERVICES
- ਘਰਾਂ ਦੇ ਲੋਨ
- ਬਿਜ਼ਨਸ ਦੇ ਲੋਨ
- ਲਾਈਫ/ਟਰੋਮਾ/ਮੈਡੀਕਲ ਇੰਸ਼ੋਰੈਂਸ
- ਰੀਡਨਡੈਂਸੀ/ਮਾਰਗੇਜ਼ ਪ੍ਰੋਟੈਕਸ਼ਨ ਇੰਸ਼ੋਰੈਂਸ
- ਕਾਰ, ਟਰੱਕ ਆਦਿ ਦੇ ਲੋਨ
Rohit Takyar 021 172 8962
Samir Khanna 021 0295 8787
Ram Vashist 021 401 535
Alpana Gupta 021 159 3453
Hareen Wijesena 022 560 1509
Varun Bhatti 022 673 1951
Amandeep 027 527 1702
Harshpinder Kaur 022 463 4089
A disclosure statement as required under Securities Act 1988 is freely available on request
HEAD OFFICE
35 Morningside Drive, St. Lukes, Mt. Albert, Auckland
Ph: 09 846 9934, Fax: 09-846 9936
SOUTH AUCKLAND OFFICE
Level 1/203 Great South Road, Manurewa, Auckland
www.professionalfinancial.co.nz | Email: info@pfsl.co.nz
Professional Financial Solutions Ltd.
Aim Associates Ltd.

ਗੁਰੂ ਗੋਬਿੰਦ ਸਿੰਘ ਜੀ ਦੇ
ਪ੍ਰਕਾਸ਼ ਪੁਰਬ ਮੌਕੇ

# ਕੀਰਤਨ ਦਰਬਾਰ

**Barry Curtis Park**
**Flatbush School Road, Auckland**

## 5 January 2024

ਸਮਾਂ ਸਵੇਰੇ 9 ਵਜੇ ਤੋਂ ਦੁਪਹਿਰ 1 ਵਜੇ ਤੱਕ
ਗੁਰੂ ਕਾ ਲੰਗਰ ਅਤੁੱਟ ਵਰਤੇਗਾ।

ਹੋਰ ਜਾਣਕਾਰੀ ਲਈ ਸੰਪਰਕ ਕਰੋ:

**Rana Judge**
**027 274 6401**
**Tejvir Singh**
**021 124 4213**
**Giani Surinder Singh**
**021 177 1402**

**Organised by:**
**NZ COUNCIL OF SIKH AFFAIRS**
**www.nz-csa.org**